ਸੰਪਾਦਕੀ

ਨਾਨਕਸ਼ਾਹੀ ਕੈਲੰਡਰ ਉਪਰ ਸਹਿਮਤੀ ਸਵਾਗਤਯੋਗ

ਇੱਕ ਸਿੱਖ ਵਿਦਵਾਨ ਵੱਲੋਂ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਪਾਸ ਕਰਨ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਨੇ ਇਹ ਕੈਲੰਡਰ ਜਾਰੀ ਕੀਤਾ। ਕੈਲੰਡਰ ਜਾਰੀ ਕਰਨ ਸਮੇਂ ਵੀ ਇਹ ਕਿਹਾ ਗਿਆ ਸੀ ਕਿ ਕੈਲੰਡਰ ਉਪਰ ਸਮੇਂ-ਸਮੇਂ ਵਿਚਾਰ ਕੀਤੀ ਜਾ ਸਕਦੀ ਹੈ। ਇਸ ਵਿਚਲੀਆਂ ਤਰੁੱਟੀਆਂ ਦੂਰ ਕੀਤੀਆਂ ਜਾ ਸਕਦੀਆਂ ਹਨ। ਸੰਤ ਸਮਾਜ, ਸਿੱਖ ਸੰਪ੍ਰਦਾਵਾਂ, ਦੋ ਤਖਤ ਸਾਹਿਬਾਨ, ਸਿੱਖ ਬੁੱਧੀਜੀਵੀਆਂ ਅਤੇ ਕੁਝ ਸਿੱਖ ਰਾਜਸੀ ਪਾਰਟੀਆਂ ਵੱਲੋਂ ਸ਼ੁਰੂ ਤੋਂ ਇਹ ਕੈਲੰਡਰ ਪ੍ਰਵਾਨ ਨਹੀਂ ਕੀਤਾ ਗਿਆ ਸੀ। ਅਸੀਂ ਸਮਝਦੇ ਹਾਂ ਕਿ ਸਿੱਖਾਂ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਕਿਸੇ ਡੂੰਘੀ ਸਾਜ਼ਿਸ਼ ਅਧੀਨ ਸਿੱਖਾਂ ਨੂੰ ਗੈਰ-ਜ਼ਰੂਰੀ ਮੁੱਦਿਆਂ ਉੱਪਰ ਉਲਝਾਇਆ ਜਾ ਰਿਹਾ ਹੈ। ਇਸ ਸਾਜ਼ਿਸ਼ ਪਿੱਛੇ ਵੱਡਾ ਸਰਮਾਇਆ ਵੀ ਕੰਮ ਕਰ ਰਿਹਾ ਹੈ, ਪ੍ਰੰਤੂ ਇਹ ਸਰਮਾਇਆ ਤੇ ਸ਼ਕਤੀਆਂ ਆਪਣੇ ਮਕਸਦ ਵਿੱਚ ਫੇਲ੍ਹ ਹੁੰਦੀਆਂ ਰਹੀਆਂ ਹਨ ਅਤੇ ਹੁੰਦੀਆਂ ਰਹਿਣਗੀਆਂ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪੰਥ ਵਿੱਚ ਗੁਰੂ ਸਾਹਿਬ ਦੀ ਇੱਕ ਗੁਪਤ ਸ਼ਕਤੀ ਵਿਚਰ ਰਹੀ ਹੈ। ਇੱਥੇ ਅਸੀਂ ਇਹ ਵੀ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਨਾਨਕਸ਼ਾਹੀ ਕੈਲੰਡਰ ਵਿੱਚ ਸੋਧਾਂ ਦਾ ਵਿਰੋਧ ਕਰਨ ਵਾਲੇ ਸਾਰੇ ਵਿਅਕਤੀ ਅਤੇ ਜਥੇਬੰਦੀਆਂ ਫੁੱਟ ਅਤੇ ਦੁਬਿਧਾ ਕਾਇਮ ਰੱਖਣ ਦੇ ਹੱਕ ਵਿੱਚ ਨਹੀਂ ਹਨ। ਇਨ੍ਹਾਂ ਵਿਅਕਤੀਆਂ ਅਤੇ ਜਥੇਬੰਦੀਆਂ ਦੇ ਪੰਥਕ ਜਜ਼ਬੇ ਤੇ ਕੁਰਬਾਨੀ ਬਾਰੇ ਕੋਈ ਸ਼ੰਕਾ ਨਹੀਂ ਹੈ। ਕਿਸੇ ਮੁੱਦੇ ਉੱਪਰ ਵਿਚਾਰ ਨਾ ਮਿਲਣ ਨੂੰ ਸਖਤ ਲਫਜ਼ਾਂ ਦਾ ਇਸਤੇਮਾਲ ਕਰਨਾ ਜਾਂ ਹੋਰ ਕੋਈ ਭੈੜੇ ਲਫਜ਼ ਬੋਲਣਾ ਜਾਂ ਲਿਖਣਾ ਸ਼ੋਭਾ ਨਹੀਂ ਦਿੰਦਾ। ਪ੍ਰੰਤੂ ਇਸ ਦਾ ਵਿਰੋਧ ਕਰਨ ਵਾਲੇ ਪੰਜਾਬ ਦੇ ਇੱਕ ਅਖਬਾਰ ਸਪੋਕਸਮੈਨ ਦੀ ਨੀਅਤ ਅਤੇ ਨੀਤੀ ਠੀਕ ਨਹੀਂ। ਉਹ ਪੰਥ ਵਿੱਚ ਦੁਬਿਧਾ ਪੈਦਾ ਕਰਨ ਲਈ ਮੁੱਖ ਰੋਲ ਨਿਭਾਅ ਰਿਹਾ ਹੈ। ਇਹ ਅਖਬਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਸ ਦੇ ਸਿੰਘ ਸਾਹਿਬਾਨ ਦੀ ਸ਼ਕਤੀ ਨੂੰ ਮੰਨਣ ਤੋਂ ਵੀ ਇਨਕਾਰੀ ਹੈ। ਇੱਥੋਂ ਤੱਕ ਕਿ ਪੰਥਕ ਪ੍ਰੰਪਰਾਵਾਂ, ਸ਼ਰਧਾ, ਸੰਤਾਂ ਮਹਾਂਪੁਰਸ਼ਾਂ ਦਾ ਭੈੜੇ ਲਫਜ਼ਾਂ ਨਾਲ ਵਿਰੋਧ ਤਾਂ ਕਰਦਾ ਹੀ ਰਹਿੰਦਾ ਹੈ। ਗੁਰੂ ਗ੍ਰੰਥ ਸਾਹਿਬ ਉੱਪਰ ਵੀ ਟੀਕਾ ਟਿੱਪਣੀਆਂ ਕਰਨ ਤੋਂ ਬਾਜ਼ ਨਹੀਂ ਆਉਂਦਾ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਅਸੀਂ ਸੰਤ ਵਿਰੋਧੀ ਨਹੀਂ ਮੰਨਦੇ। ਪੰਥ ਵਿਰੋਧੀ ਜਮਾਤ ਕਾਂਗਰਸ ਨਾਲ ਉਸ ਦੀ ਅੰਨ੍ਹੀ ਸਾਂਝ ਨੂੰ ਅਸੀਂ ਠੀਕ ਨਹੀਂ ਸਮਝਦੇ। ਦੂਸਰਾ ਉਸ ਨੇ ਸ੍. ਬਾਦਲ ਦਾ ਵਿਰੋਧ ਕਰਨ ਸਮੇਂ ਕਦੇ ਵੀ ਇਹ ਨਹੀਂ ਵਿਚਾਰਿਆ ਕਿ ਇਸ ਨਾਲ ਪੰਥ ਨੂੰ, ਪੰਥਕ ਪ੍ਰੰਪਰਾਵਾਂ ਨੂੰ, ਪੰਥਕ ਸੰਸਥਾਵਾਂ ਅਤੇ ਸਿੱਖ ਵਿਸ਼ਵਾਸ ਨੂੰ ਠੇਸ ਤਾਂ ਨਹੀਂ ਲੱਗ ਰਹੀ। ਅਸੀਂ ਭਾਜਪਾ ਤੇ ਕਾਂਗਰਸ ਨੂੰ ਇੱਕੋ ਹੀ ਸਿੱਕੇ ਦੇ ਦੋ ਪਾਸੇ ਮੰਨਦੇ ਹਾਂ। ਸ੍. ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਰ.ਐੱਸ.ਐੱਸ. ਦੀ ਸਿਆਸੀ ਜਮਾਤ ਭਾਜਪਾ. ਨਾਲ ਸਾਂਝ ਵੀ ਪੰਥਕ ਹਿੱਤਾਂ ਦੇ ਵਿਰੁੱਧ ਹੈ। ਜੇਕਰ ਇੱਕ ਆਗੂ ਗਲਤੀ ਕਰਦਾ ਹੈ ਤਾਂ ਦੂਸਰੇ ਨੂੰ ਗਲਤੀ ਕਰਨ ਦਾ ਕੋਈ ਇਖਲਾਕੀ ਜਾਂ ਕਾਨੂੰਨੀ ਅਧਿਕਾਰ ਨਹੀਂ ਮਿਲ ਜਾਂਦਾ। ਨਾਨਕਸ਼ਾਹੀ ਕੈਲੰਡਰ ਦੀ ਸੋਧ ਦਾ ਵਿਰੋਧ ਕਰਨ ਵਾਲਿਆਂ ਦੀਆਂ ਦਲੀਲਾਂ ਨਾਲ ਅਸੀਂ ਸਹਿਮਤ ਨਹੀਂ ਹਾਂ। ਅਸੀਂ ਸਮਝਦੇ ਹਾਂ ਕਿ ਕੇਵਲ ਰਾਜਸੀ ਵਿਰੋਧ ਕਰਨ ਲਈ ਹਰ ਗੱਲ ਦਾ ਅੰਨ੍ਹਾ ਵਿਰੋਧ ਕਰਨਾ ਠੀਕ ਨਹੀਂ ਹੈ। ਜਿੱਥੋਂ ਤੱਕ ਨਾਨਕਸ਼ਾਹੀ ਕੈਲੰਡਰ ਨੂੰ ਖਤਮ ਕਰਨ ਦਾ ਇਤਰਾਜ਼ ਹੈ, ਇਹ ਬਿਲਕੁੱਲ ਹੀ ਗਲਤ ਹੈ। ਇਸ ਵਿੱਚ ਤਾਂ ਕੇਵਲ ਗਲਤ ਤਰੀਕਾਂ ਠੀਕ ਕੀਤੀਆਂ ਗਈਆਂ ਹਨ। ਸੰਸਾਰ ਦੇ ਵਿੱਚ ਦਿਨਾਂ ਅਤੇ ਮਹੀਨਿਆਂ ਨੂੰ ਨਿਸ਼ਚਿਤ ਕਰਨ ਲਈ ਦੋ ਹੀ ਅਧਾਰ ਹਨ, ਸੂਰਜ ਅਤੇ ਚੰਦਰਮਾ। ਜੇਕਰ ਅਸੀਂ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰਨ ਵਾਲਿਆਂ ਦੀ ਦਲੀਲ ਮੰਨ ਲਈਏ ਕਿ ਸੂਰਜ ਕੈਲੰਡਰ ਮੁਤਾਬਿਕ ਹੀ ਦਿਨ ਤਿਉਹਾਰ ਨੀਯਤ ਹੋਣੇ ਚਾਹੀਦੇ ਹਨ, ਤਾਂ ਵੀ ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਵਰਤਮਾਨ ਕੈਲੰਡਰ ਨਾ ਸੂਰਜੀ ਢੰਗ ਤਰੀਕਿਆਂ ਮੁਤਾਬਿਕ ਅਤੇ ਨਾ ਹੀ ਚੰਦਰਮਾ ਮੁਤਾਬਿਕ, ਨਾ ਹੀ ਕਿਸੇ ਹੋਰ ਫਾਰਮੂਲੇ ਮੁਤਾਬਿਕ ਦਿਨ ਤਿਉਹਾਰ ਠੀਕ ਬੈਠਦੇ ਹਨ। ਉਦਾਹਰਣ ਦੇ ਤੌਰ 'ਤੇ ਪੋਹ ਸੁਦੀ ਸੱਤਵੀਂ ਨੂੰ 1666 ਵਿੱਚ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ ਅਵਤਾਰ ਪੁਰਬ ਸਮੇਂ 5 ਜਨਵਰੀ ਨਹੀਂ ਸੀ। ਇਹੀ ਉਦਾਹਰਨਾਂ ਦੂਜੇ ਗੁਰਪੁਰਬਾਂ ਉੱਪਰ ਲਾਗੂ ਹੁੰਦੀਆਂ ਹਨ। ਜੇਕਰ ਕੋਈ ਗਲਤ ਤਰੀਕ ਠੀਕ ਕਰ ਦਿੱਤੀ ਜਾਵੇ ਤਾਂ ਇਸ ਦਾ ਵਿਰੋਧ ਕਰਨਾ ਠੀਕ ਨਹੀਂ। ਸੰਸਾਰ ਦੇ ਵਿੱਚ ਲੱਗਭੱਗ 2/3 ਦੇਸ਼ਾਂ ਵਿੱਚ ਚੰਦਰਮਾ ਦੇ ਮੁਤਾਬਿਕ ਦਿਨ ਤਰੀਕਾਂ ਨੀਯਤ ਕੀਤੀਆਂ ਗਈਆਂ ਹਨ। ਸੰਸਾਰ ਦੇ ਲੱਗਭੱਗ ਤੀਜਾ ਹਿੱਸਾ ਦੇਸ਼ਾਂ ਵਿੱਚ ਸੂਰਜ ਮੁਤਾਬਿਕ ਇਹ ਤਰੀਕਾਂ ਤੈਅ ਕੀਤੀਆਂ ਗਈਆਂ ਹਨ। ਚੰਦਰਮਾ ਤੇ ਸੂਰਜ ਨੂੰ ਕਿਸੇ ਧਰਮ ਜਾਂ ਕਿਸੇ ਦੇਸ਼, ਕੌਮ ਨਾਲ ਬੰਨ੍ਹਣਾ ਹਾਸੋਹੀਣੀ ਗੱਲ ਹੈ। ਸੰਤ ਸਮਾਜ, ਸਿੱਖ ਸੰਪ੍ਰਦਾਵਾਂ, ਕੁਝ ਸਿੱਖ ਰਾਜਸੀ ਜਥੇਬੰਦੀਆਂ ਅਤੇ ਕੁਝ ਸਿੱਖ ਬੁੱਧੀਜੀਵੀ, ਜਿਨ੍ਹਾਂ ਨੇ ਨਾਨਕਸ਼ਾਹੀ ਕੈਲੰਡਰ ਪ੍ਰਵਾਨ ਨਹੀਂ ਕੀਤਾ ਸੀ, ਹੁਣ ਸਾਰਿਆਂ ਦੇ ਪ੍ਰਵਾਨ ਕਰਨ ਨਾਲ ਨਾਨਕਸ਼ਾਹੀ ਕੈਲੰਡਰ ਦੀ ਸਰਬਪ੍ਰਵਾਨਤਾ ਹੋਈ ਹੈ। ਵਿਰੋਧ ਕਰਨ ਵਾਲਿਆਂ ਨੂੰ ਕਰਨਲ ਨਿਸ਼ਾਨ ਸਿੰਘ ਦੀ ਅਪੀਲ ਨੂੰ ਸੁਣਨਾ ਚਾਹੀਦਾ ਹੈ ਕਿ ਜੇਕਰ ਬਿਨਾਂ ਸੋਧਾਂ ਤੋਂ ਪਹਿਲੇ ਕੈਲੰਡਰ ਅਨੁਸਾਰ ਤਰੀਕਾਂ ਨੂੰ ਸੂਰਜ ਮੁਤਾਬਿਕ, ਈਸਵੀ ਮੁਤਾਬਿਕ ਜਾਂ ਚੰਦਰਮਾ ਮੁਤਾਬਿਕ ਜਾਂ ਕਿਸੇ ਹੋਰ ਫਾਰਮੂਲੇ ਮੁਤਾਬਿਕ ਠੀਕ ਸਿੱਧ ਕਰ ਦੇਣ ਤਾਂ ਉਹ ਇੱਕ ਲੱਖ ਰੁਪਏ ਦਾ ਇਨਾਮ ਦੇਵੇਗਾ। ਇਸ ਗੱਲ ਦਾ ਕਿਸੇ ਕੋਲ ਜਵਾਬ ਨਹੀਂ। ਕੇਵਲ ਤਿੱਖੀ ਭਾਸ਼ਾ ਵਰਤਣੀ ਰੌਲਾ-ਰੱਪਾ ਪਾਉਣਾ ਅਤੇ ਧੂੜ ਉਡਾਉਣ ਨਾਲ ਭੰਬਲਭੂਸਾ ਤਾਂ ਪੈਦਾ ਕੀਤਾ ਜਾ ਸਕਦਾ ਹੈ, ਪਰ ਵਿਰੋਧ ਕਰਨ ਵਾਲਿਆਂ ਦਾ ਕੁਝ ਸੰਵਰ ਨਹੀਂ ਸਕੇਗਾ, ਕਿਉਂਕਿ ਕਿਸੇ ਲਹਿਰ ਦੀ ਨੀਂਹ ਅੰਨ੍ਹੀ ਨਫਰਤ ਅਤੇ ਅੰਨ੍ਹਾ ਵਿਰੋਧ ਨਹੀਂ ਹੋ ਸਕਦੀ, ਸਗੋਂ ਸੱਚ, ਦਲੀਲ ਅਤੇ ਧਰਮੀ ਢੰਗ ਤਰੀਕਿਆਂ ਨਾਲ ਹੀ ਕੋਈ ਲਹਿਰ ਆਪਣੀ ਜਿੱਤ ਪ੍ਰਾਪਤ ਕਰ ਸਕਦੀ ਹੈ। ਵਿਰੋਧ ਕਰਨ ਵਾਲਿਆਂ ਨੂੰ ਸੰਤ ਸਮਾਜ ਦੀ ਅਪੀਲ ਮੰਨਦੇ ਹੋਏ ਉਨ੍ਹਾਂ ਵੱਲੋਂ ਬਣਾਈ ਕਮੇਟੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ, ਦਲ ਖਾਲਸਾ ਦੇ ਆਗੂ ਸਿਆਣੇ ਅਤੇ ਕੁਰਬਾਨੀ ਵਾਲੇ ਹਨ। ਉਨ੍ਹਾਂ ਵੱਲੋਂ ਵਰਤੀ ਜਾਣ ਵਾਲੀ ਭਾਸ਼ਾ ਵੀ ਸੰਜਮ ਵਾਲੀ ਹੋਣੀ ਚਾਹੀਦੀ ਹੈ ਅਤੇ ਗੱਲਬਾਤ ਨਾਲ ਹੀ ਆਪਣੇ ਇਤਰਾਜ਼ ਰੱਖਣੇ ਚਾਹੀਦੇ ਹਨ। ਸੰਤ ਸਮਾਜ ਨੂੰ ਵੀ ਕੁਰਬਾਨੀ ਵਾਲੇ ਅਤੇ ਪੰਥਕ ਜਜ਼ਬੇ ਵਾਲੇ ਲੋਕਾਂ ਦੀ ਤਸੱਲੀ ਕਰਵਾਉਣ ਲਈ ਪਹਿਲ ਕਰਨੀ ਚਾਹੀਦੀ ਹੈ। ਸ੍. ਸਿਮਰਨਜੀਤ ਸਿੰਘ ਮਾਨ ਅਤੇ ਅਖੰਡ ਕੀਰਤਨੀ ਜਥੇ ਵੱਲੋਂ ਦਿਖਾਇਆ ਗਿਆ ਸੰਜਮ ਸ਼ਲਾਘਾਯੋਗ ਹੈ। ਸਾਡਾ ਕੌਮੀ ਸੰਘਰਸ਼ ਅਤੇ ਵੱਖਰੀ ਪਹਿਚਾਣ ਨਾਨਕਸ਼ਾਹੀ ਕੈਲੰਡਰ ਦੇ ਲਾਗੂ ਹੋਣ ਤੋਂ ਪਹਿਲਾਂ ਵੀ ਕਾਇਮ ਸੀ ਅਤੇ ਹੁਣ ਵੀ ਇਨ੍ਹਾਂ ਸੋਧਾਂ ਕਾਰਨ ਸਾਡੀ ਪਹਿਚਾਣ ਨੂੰ ਖਤਰਾ ਪੈਦਾ ਨਹੀਂ ਹੋ ਸਕਦਾ, ਕਿਉਂਕਿ ਸਾਡੀ ਪਹਿਚਾਣ ਕਿਸੇ ਕੈਲੰਡਰ ਦੀ ਮੁਥਾਜ ਨਹੀਂ, ਹੁਣ ਤਾਂ ਨਾਨਕਸ਼ਾਹੀ ਕੈਲੰਡਰ ਸਭ ਨੇ ਪ੍ਰਵਾਨ ਕਰ ਲਿਆ ਹੈ, ਇਸ ਦੇ ਬਾਵਜੂਦ ਸਾਡੀ ਪਹਿਚਾਣ ਨੂੰ ਖਤਰੇ ਅਤੇ ਕੌਮੀ ਸੰਘਰਸ਼ ਦੀ ਸਫਲਤਾ ਲਈ ਬਹੁਤ ਕੁਝ ਕਰਨ ਤੇ ਸੋਚਣ ਦੀ ਲੋੜ ਹੈ। ਸੰਗਰਾਂਦ ਦਾ ਅਰਥ ਸੂਰਜ ਦੀ ਕਰਾਂਤੀ ਹੈ। ਇਸ ਦਿਨ ਸੂਰਜ ਆਪਣਾ ਰਸਤਾ ਬਦਲਦਾ ਹੈ। ਬਿਨਾਂ ਸੋਧੇ ਕੈਲੰਡਰ ਵਿੱਚ ਸੰਗਰਾਂਦ ਸੂਰਜ ਦਾ ਰਸਤਾ ਬਦਲਣ ਵਾਲੇ ਦਿਨ ਨਹੀਂ ਆਉਂਦੀ ਸੀ। ਘੱਟ ਤੋਂ ਘੱਟ ਅੱਧੀਆਂ ਸੰਗਰਾਂਦਾਂ ਦੇ ਦਿਨ ਗਲਤ ਸਨ। ਜੇਕਰ ਇਹ ਸੰਗਰਾਂਦਾਂ ਦੇ ਦਿਨ ਠੀਕ ਕਰ ਦਿੱਤੇ ਗਏ ਤਾਂ ਇਸ ਦਾ ਵਿਰੋਧ ਸਮਝ ਤੋਂ ਬਾਹਰ ਦੀ ਗੱਲ ਹੈ। ਜੇਕਰ ਸੋਧ ਦਾ ਵਿਰੋਧ ਕਰਨ ਵਾਲੇ ਲੋਕ ਇਹ ਸਿੱਧ ਕਰ ਦੇਣ ਕਿ ਸਾਰੀਆਂ ਸੰਗਰਾਂਦਾਂ ਸੂਰਜ ਦੇ ਰਸਤਾ ਬਦਲਣ ਵਾਲੇ ਦਿਨ ਹੀ ਸਨ ਤਾਂ ਉਹ ਕਰਨਲ ਸਾਹਿਬ ਵੱਲੋਂ ਰੱਖੇ ਗਏ ਇੱਕ ਲੱਖ ਦੇ ਇਨਾਮ ਨੂੰ ਪ੍ਰਾਪਤ ਕਰ ਸਕਦੇ ਹਨ। ਜੇਕਰ ਉਨ੍ਹਾਂ ਕੋਲ ਇਹ ਸਿੱਧ ਕਰਨ ਦੀ ਦਲੀਲ ਨਹੀਂ ਤਾਂ ਆਪਣੀ ਗਲਤੀ ਨੂੰ ਸੁਧਾਰਨਾ ਵਡੱਪਣ ਹੁੰਦਾ ਹੈ। ਗਲਤ ਤਰੀਕਾਂ ਮਨਾਉਣੀਆਂ ਸੰਸਾਰ ਭਰ ਵਿੱਚ ਸਿੱਖਾਂ ਵੱਲੋਂ ਆਪਣੀ ਪੁਜ਼ੀਸ਼ਨ ਹਾਸੋਹੀਣੀ ਬਣਾਉਣੀ ਹੈ। ਸ੍ਰੀ ਅਕਾਲ ਤਖਤ ਸਾਹਿਬ ਨੂੰ ਨਾ ਮੰਨਣ ਵਾਲੇ, ਗੁਰਬਾਣੀ ਉੱਪਰ ਟੀਕਾ ਟਿੱਪਣੀ ਕਰਨ ਵਾਲੇ, ਅਰਦਾਸ ਵਿੱਚ ਆਪਣੇ ਤੌਰ 'ਤੇ ਸੋਧ ਕਰਨ ਵਾਲੇ ਮਨਮੁੱਖ, ਸਿੱਖਾਂ ਦੀ ਨਸਲਕੁਸ਼ੀ ਲਈ ਜ਼ਿੰਮੇਵਾਰ ਕਾਂਗਰਸ ਦਾ ਇਕੱਠੇ ਹੋਣਾ ਤਾਂ ਸਮਝ ਵਿੱਚ ਆਉਂਦਾ ਹੈ, ਪਰੰਤੂ ਕੁਰਬਾਨੀ ਵਾਲੇ ਵਿਅਕਤੀਆਂ ਵੱਲੋਂ ਦਲੀਲ ਰਹਿਤ ਵਿਰੋਧ ਅਤੇ ਪੰਥ ਵਿਰੋਧੀ ਸ਼ਕਤੀਆਂ ਨਾਲ ਇਕੱਠੇ ਹੋਣਾ ਦੁਖਦਾਇਕ ਹੈ। ਸੰਤ ਸਮਾਜ ਅਤੇ ਕੁਰਬਾਨੀ ਵਾਲੇ ਲੋਕਾਂ ਨੂੰ ਗੱਲਬਾਤ ਰਾਹੀਂ ਇਸ ਮਸਲੇ ਉੱਪਰ, ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਸਾਂਝੀ ਰਾਇ ਬਣਾਉਣ ਲਈ ਅਤੇ ਹੋਰ ਕੌਮੀ ਮਸਲਿਆਂ ਉੱਪਰ ਸਹਿਮਤੀ ਵਾਲਾ ਮਾਹੌਲ ਬਣਾਉਣ ਲਈ ਸੰਜਮ ਤੋਂ ਕੰਮ ਲੈ ਕੇ ਸਹਿਯੋਗ ਵਾਲਾ ਰਵੱਈਆ ਅਖਤਿਆਰ ਕਰਨਾ ਚਾਹੀਦਾ ਹੈ। ਸਮੂਹ ਸੰਤ ਸਮਾਜ ਅਤੇ ਇਸ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਜੀ ਖਾਲਸਾ, ਸਿੱਖ ਸੰਪ੍ਰਦਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍. ਸੁਖਬੀਰ ਸਿੰਘ ਬਾਦਲ ਧੰਨਵਾਦ ਦੇ ਪਾਤਰ ਹਨ। ਅਸੀਂ ਸ੍. ਸੁਖਬੀਰ ਸਿੰਘ ਬਾਦਲ ਨੂੰ ਇਹ ਵੀ ਕਹਿਣਾ ਚਾਹੁੰਦੇ ਹਾਂ ਕਿ ਦ੍ਰਿੜ੍ਹਤਾ ਨਾਲ ਕੌਮੀ ਪਹਿਚਾਣ ਦੀ ਰਾਖੀ ਲਈ, ਧਰਮ ਯੁੱਧ ਮੋਰਚੇ ਦੀ ਸਫਲਤਾ ਲਈ, ਪਤਿਤਪੁਣਾ, ਨਸ਼ੇ ਅਤੇ ਹੋਰ ਸਿੱਖ ਸਮੱਸਿਆਵਾਂ ਦੇ ਹੱਲ ਲਈ, ਜੇਲ੍ਹਾਂ ਵਿੱਚ ਬੰਦ ਨਜ਼ਰਬੰਦਾਂ ਦੀ ਰਿਹਾਈ ਲਈ, ਨਕਲੀ ਗੁਰੂਡੰਮ ਨੂੰ ਨੱਥ ਪਾਉਣ ਲਈ, ਫਿਰਕਾਪ੍ਰਸਤ ਤੇ ਤਾਨਾਸ਼ਾਹੀ ਸ਼ਕਤੀਆਂ ਨਾਲੋਂ ਤੋੜ-ਵਿਛੋੜਾ ਕਰਨ ਲਈ ਸਮੂਹ ਪੰਥਕ ਸ਼ਕਤੀਆਂ, ਦਲਿਤਾਂ, ਘੱਟ ਗਿਣਤੀਆਂ ਅਤੇ ਖੇਤਰੀ ਪਾਰਟੀਆਂ ਨੂੰ ਇਕੱਠਾ ਕਰਨ ਲਈ ਦ੍ਰਿੜ੍ਹਤਾ ਨਾਲ ਅੱਗੇ ਆਉਣ।

ਗੁਰਦੀਪ ਸਿੰਘ

ਗੈਰ-ਕ੍ਰਿਕਟਰਾਂ ਦੀ ਵਿਗਿਆਪਨਾਂ ਵਿੱਚ ਪੁੱਛਗਿੱਛ ਚੰਗਾ ਸੰਕੇਤ

ਪ੍ਰੋ.ਐਚ.ਐਸ.ਡਿੰਪਲ

ਇੱਕ ਜ਼ਮਾਨਾ ਸੀ ਜਦੋਂ ਟੀ ਵੀ ਚੈਨਲਾਂ ਤੇ ਆਉਣ ਵਾਲੀਆਂ ਵਿਗਿਆਪਨਾਂ ਦੇ ਲਈ ਫ਼ਿਲਮ ਅਭਿਨੇਤਾਵਾਂ ਦੀ ਮਦਦ ਲਈ ਜਾਂਦੀ ਸੀ। ਫਿਰ ਮਾਡਲਾਂ, ਰੋਲ ਮਾਡਲਾਂ ਅਤੇ ਰੈਂਪ ਮਾਡਲਾਂ ਦਾ ਜ਼ਮਾਨਾ ਆਇਆ। ਫਿਰ ਕ੍ਰਿਕਟ ਨੇ ਲੋਕਾਂ ਦੇ ਦਿਲੋ ਦਿਮਾਗ ਤੇ ਅਸਰ ਪਾਇਆ ਅਤੇ ਜਗਮੋਹਨ ਡਾਲਮੀਆ ਨੇ ਆਪਣੇ ਵਪਾਰਕ ਸੂਝ-ਬੂਝ ਦੇ ਨਾਲ ਲੈਸ ਦਿਮਾਗ ਦੇ ਨਾਲ ਕ੍ਰਿਕਟ ਨੂੰ ਕਾਰਪੋਰੇਟ ਗੇਮ ਬਣਾ ਕੇ ਇਸ ਦਾ ਵਪਾਰੀਕਰਨ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਕ੍ਰਿਕਟਰ, ਕ੍ਰਿਕਟ ਅਤੇ ਕਾਰਪੋਰੇਟ ਸੰਸਾਰ, ਤਿੰਨਾ ਦੀ ਚਾਂਦੀ ਹੋਣ ਲੱਗੀ। ਹਾਲਾਤ ਇਹ ਬਣ ਗਏ ਲੋਕਾਂ ਨੂੰ ਹਾਕੀ, ਫੁੱਟਬਾਲ, ਕਬੱਡੀ ਅਤੇ ਹੋਰ ਵਧੀਆ ਖੇਡਾਂ ਭੁੱਲ ਗਈਆਂ ਅਤੇ ਕ੍ਰਿਕਟ ਦਾ ਚਸਕਾ ਪੈ ਗਿਆ। ਟੈਲੀਵਿਜਨ ਤੇ ਵਾਰ-ਵਾਰ ਕ੍ਰਿਕਟ ਦੇ ਮੈਚ ਦਿਖਾ ਕੇ ਇਸ ਨੂੰ ਹਾਈ ਸਟੇਟੱਸ ਗੇਮ ਬਣਾ ਕੇ ਅਸਮਾਨੀ ਚੜ੍ਹਾ ਦਿੱਤਾ ਅਤੇ ਇਸ ਦਾ ਸਭ ਤੋਂ ਵੱਡਾ ਨੁਕਸਾਨ ਸਥਾਨਕ ਅਤੇ ਕੌਮੀ ਖੇਡ ਹਾਕੀ ਨੂੰ ਹੋਇਆ। ਹੁਣ ਵੀ ਜੇਕਰ ਸਰਵੇ ਕਰਵਾਇਆ ਜਾਵੇ ਤਾਂ ਬਹੁਤੇ ਬੱਚੇ ਭਾਰਤ ਦੀ ਕੌਮੀ ਖੇਡ ਕਿਹੜੀ ਹੈ? ਪ੍ਰਸ਼ਨ ਦਾ ਜਵਾਬ ਕ੍ਰਿਕਟ ਹੀ ਦੇਣਗੇ, ਹਾਕੀ ਨਹੀਂ। ਸਥਾਨਕ ਖੇਡਾਂ ਦੇ ਨਾਲ ਨਾਲ ਹਾਕੀ ਵੀ ਕ੍ਰਿਕਟ ਦੇ ਵਿਚ ਰੁਲ ਗਈ। ਕ੍ਰਿਕਟ ਵਿਚ ਲੋਕਾਂ ਦੀ ਦਿਲਚਸਪੀ ਦਾ ਮੁੱਖ ਕਾਰਣ ਕ੍ਰਿਕਟਰਾਂ ਨੂੰ ਪ੍ਰਾਪਤ ਸੁਪਰ ਸਟਾਰ ਪਦਵੀ ਹੈ ਜਿਸ ਦੇ ਲਈ ਕਾਰਪੋਰੇਟ ਜਗਤ ਦੇ ਧੁਰੰਤਰ ਜਿੰਮੇਵਾਰ ਹਨ। ਜੇਕਰ ਕ੍ਰਿਕਟ ਦੇ ਵਿਚ ਲੋਕਾਂ ਦੀ ਕੋਈ ਦਿਲਚਸਪੀ ਹੁੰਦੀ ਤਾਂ ਰਣਜੀ ਵਰਗੇ ਵੱਕਾਰੀ ਟੂਰਨਾਮੈਂਟਾਂ ਸਮੇਂ ਦਰਸ਼ਕ ਗੈਲਰੀਆਂ ਖਾਲੀ ਨਾ ਦਿਸਣ। ਇਥੋਂ ਤੱਕ ਕਿ ਦੋ ਦੇਸ਼ਾਂ ਦੇ ਵਿਚਕਾਰ ਹੋਣ ਵਾਲੇ ਦੋਸਤਾਨਾ ਜਾਂ ਗੈਰ ਅੰਤਰਰਾਸ਼ਟਰੀ ਮੈਚਾਂ ਨੂੰ ਵੇਖਣ ਵਿਚ ਵੀ ਦਰਸ਼ਕ ਵਰਗ ਦੇ ਵਿਚ ਕੋਈ ਉਤਸ਼ਾਹ ਨਹੀਂ ਹੁੰਦਾ। ਪਰ ਹਾਕੀ ਜਾਂ ਕਬੱਡੀ ਜਿਹੀਆਂ ਖੇਡਾਂ ਦੇ ਪ੍ਰਤੀ ਲੋਕਾਂ ਦੇ ਵਿਚ ਅੰਦਰੂਨੀ ਮੋਹ ਹੋਣ ਕਰਕੇ ਸਥਾਨਕ ਮੈਚਾਂ ਨੂੰ ਵੇਖਣ ਲਈ ਵੀ ਉਹੀ ਭੀੜਾਂ ਜੁੜਦੀਆਂ ਹਨ, ਜਿੰਨੀਆਂ ਕਿ ਕੌਮਾਂਤਰੀ ਮੈਚਾਂ ਨੂੰ!

ਇਹ ਇਕ ਮਾੜਾ ਰੁਝਾਨ ਹੈ ਅਤੇ ਸਰਕਾਰ ਦੇ ਵਲੋਂ ਇਸ ਦੇ ਪ੍ਰਤੀ ਕੁਝ ਖਾਸ ਨਹੀਂ ਕੀਤਾ ਜਾ ਰਿਹਾ। ਜਿਥੇ ਕਿ ਕ੍ਰਿਕਟ ਦੇ ਵਿੱਚ ਪਹਿਲੀ ਵਾਰ ਹੀ ਵਾਧੂ ਖਿਡਾਰੀ ਵੀ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਹੀ ਹਾਊਸ ਹੋਲਡ ਨੇਮ ਬਣ ਜਾਂਦੇ ਹਨ, ਉਥੇ ਫੁੱਟਬਾਲ ਜਾਂ ਹਾਕੀ ਦੀ ਭਾਰਤ ਦੀ ਟੀਮ ਦੇ ਕਪਤਾਨਾਂ ਦੇ ਨਾਮ ਜਾਨਣ ਜਾਂ ਇਨ੍ਹਾਂ ਖਿਡਾਰੀਆਂ ਨੂੰ ਪਹਿਚਾਣ ਸਕਣ ਵਾਲੇ ਲੋਕਾਂ ਦੀ ਗਿਣਤੀ ਉਂਗਲਾਂ 'ਤੇ ਗਿਣੀ ਜਾ ਸਕਦੀ ਹੈ। ਪਾਰਥਵ ਪਟੇਲ ਨੂੰ ਲਿਟਲ ਹਾਰਟ ਬਿਸਕਟ ਅਤੇ ਹੀਰੋ ਸਾਈਕਲ ਦੀਆਂ ਮਸ਼ਹੂਰੀਆਂ ਦੇ ਵਿਚ ਬਾਕਾਇਦਾ ਦੇਖ ਸਕਦੇ ਹਾਂ ਭਾਵੇਂ ਕਿ ਇਹ ਕ੍ਰਿਕੇਟਰ ਸਿਰਫ਼ ਇਕ ਵਾਧੂ ਖਿਡਾਰੀ ਵਜੋਂ ਵੱਧ ਜਾਣਿਆਂ ਜਾਂਦਾ ਹੈ ਅਤੇ ਕਦੇ ਕਦੇ ਇਕ ਵਾਧੂ ਖਿਡਾਰੀ ਦੇ ਰੂਪ ਵਿਚ ਹੀ ਭਾਗ ਲੈਂਦਾ ਹੈ। ਉਸਨੇ ਪਹਿਲੀ ਮਸ਼ਹੂਰੀ ਦੇ ਲਈ ਹੀ 11 ਲੱਖ ਰੁਪਏ ਲਏ ਸਨ ਅਤੇ ਇਰਫ਼ਾਨ ਪਠਾਨ ਨੇ ਵੀ ਲਗਭਗ ਇਤਨੀ ਹੀ ਰਾਸ਼ੀ ਹਾਸਲ ਕੀਤੀ ਸੀ, ਭਾਂਵੇਂ ਕਿ ਉਹ ਅੱਜ ਚੋਟੀ ਦਾ ਗੇਂਦਬਾਜ਼ ਹੈ। ਯੁਵਰਾਜ, ਮੁਹੰਮਦ ਕੈਫ਼ ਅਤੇ ਪਠਾਨ ਨੂੰ ਐਕਸਟਰਾ ਪ੍ਰੀਮੀਅਮ ਨੇ ਉਨ੍ਹਾਂ ਦੇ ਕ੍ਰਿਕਟ ਕੈਰੀਅਰ ਦੀ ਸ਼ੁਰੂਆਤ ਹੁੰਦਿਆਂ ਹੀ ਲੱਖ-ਪਤੀ ਬਣਨ ਦਾ ਮੌਕਾ ਦਿੱਤਾ ਪਰ ਇਹ ਮਾਣ ਦੂਜੀਆਂ ਖੇਡਾਂ ਦੇ ਖਿਡਾਰੀਆਂ ਨੂੰ ਕਾਫ਼ੀ ਦੇਰ ਬਾਅਦ ਹੀ ਹਾਸਲ ਹੁੰਦਾ ਹੈ। ਜਿਥੇ ਕ੍ਰਿਕਟਰਾਂ ਨੂੰ ਰੋਜ਼ਾਨਾ ਲੱਖਾਂ ਰੁਪਏ ਬਣਦੇ ਹਨ ਉਥੇ ਦੂਜੀਆਂ ਖੇਡਾਂ ਦੇ ਖਿਡਾਰੀ ਸਪਾਂਸਰਾਂ ਨੂੰ ਤਰਸਦੇ ਰਹਿੰਦੇ ਹਨ, ਤੇ ਕਦੇ-ਕਦੇ ਹੀ ਆਸ ਦਾ ਦੀਵਾ ਜਗਦਾ ਹੈ, ਉਹ ਵੀ ਥੋੜ੍ਹੀ ਦੇਰ ਦੇ ਲਈ। ਫੁੱਟਬਾਲ ਦੇ ਸੁਪ੍ਰਸਿੱਧ ਖਿਡਾਰੀ ਬੇਚੁੰਗ ਭੂਟੀਆ ਨੂੰ ਸਪਾਂਸਰਸ਼ਿਪ ਮਿਲੀ ਤਾਂ ਕਈ ਖੇਡ ਪ੍ਰੇਮੀਆਂ ਨੇ ਸੁਖ ਦਾ ਸਾਹ ਲਿਆ ਸੀ। ਵਿਸ਼ਵਨਾਥਨ ਆਨੰਦ ਨਾਂ ਦੇ ਵਿਸ਼ਵ ਪੱਧਰ ਦੇ ਨੰਬਰ ਇਕ ਸ਼ਤਰੰਜ਼ ਖਿਡਾਰੀ ਨੇ ਵੀ ਚਮਨਪ੍ਰਾਸ ਦੀਆਂ ਮਸ਼ਹੂਰੀਆਂ ਕੀਤੀਆਂ ਹਨ, ਪਰ ਉਸਨੇ ਵੀ ਕਦੇ ਮਸ਼ਹੂਰੀਆਂ ਦੇ ਵਿਚ ਛੇ ਦਾ ਅੰਕੜਾ ਪਾਰ ਨਹੀਂ ਕੀਤਾ। ਵੈਸੇ ਸਹਾਰਾ ਨੇ ਕ੍ਰਿਕਟ ਟੀਮ ਨੂੰ ਸਪਾਂਸਰ ਕਰਨ ਤੋਂ ਬਾਅਦ ਹੁਣ ਹਾਕੀ ਦੀ ਸੰਪੂਰਨ ਟੀਮ ਨੂੰ ਵੀ ਬਰਾਂਡ ਨਾਮ ਦੇ ਕੇ ਸਪਾਂਸਰ ਕੀਤਾ ਹੈ, ਜੋ ਕਿ ਇਕ ਚੰਗੇ ਰੁਝਾਨ ਦਾ ਸੂਚਕ ਹੈ। ਗੋਲਫ਼ ਖਿਡਾਰੀ ਜੀਵ ਮਿਲਖਾ ਸਿੰਘ ਦੇ ਵਲੋਂ ਵੀ ਕੁਝ ਮਸ਼ਹੂਰੀਆਂ ਕੀਤੀਆਂ ਗਈਆਂ ਹਨ, ਅਤੇ ਟੈਨਿਸ ਦੀ ਦੁਨੀਆਂ ਦੇ ਬਿਹਤਰੀਨ ਖਿਡਾਰੀ ਲਿਏਂਡਰ ਪੇਈਸ ਅਤੇ ਮਹੇਸ਼ ਭੂਪਤੀ ਨੇ ਵੀ ਇਸ ਰਾਹ ਨੂੰ ਅਪਣਾਇਆ ਹੈ।

ਪਰ ਮੁੱਖ ਰੂਪ ਵਿੱਚ ਇਸ ਖ਼ੇਤਰ ਦੇ ਵਿੱਚ ਕ੍ਰਿਕੇਟਰਾਂ ਦਾ ਹੀ ਸਿੱਕਾ ਚੱਲਦਾ ਰਿਹਾ ਹੈ ਅਤੇ ਇਸ ਏਕਾਧਿਕਾਰ ਦੇ ਵਿੱਚ ਭਾਰਤੀ ਟੈਨਿਸ ਸੁੰਦਰੀ ਸਾਨੀਆ ਮਿਰਜ਼ਾ ਨੇ ਚਿੱਬ ਪਾ ਕੇ ਇਕ ਨਵੇਂ ਯੁੱਗ ਦਾ ਆਗਾਜ਼ ਕੀਤਾ ਹੈ। ਸਾਨੀਆ ਮਿਰਜ਼ਾ ਦੇ ਵਲੋਂ ਵਿਮੰਬਲਡਨ ਦੇ ਵਿਚ ਹਾਜ਼ਰੀ ਲਵਾਉਣ ਅਤੇ ਸੈਮੀਫਾਈਨਲ ਕਿਨਾਰੇ ਜਾ ਪੁੱਜਣ ਦੇ ਨਾਲ ਅਤੇ ਉਸਦੇ ਵਲੋਂ ਸਰੇਨਾ ਵਿਲੀਅਮਜ਼ ਦੇ ਪਸੀਨੇ ਛੁਟਾਉਣ ਵਾਲੇ ਮੈਚ ਨੇ ਉਸਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਦਿਵਾਈ ਅਤੇ ਫਿਰ ਹੈਦਰਾਬਾਦ ਦੇ ਵਿਚ ਕੌਮ ਦਾ ਨਾਂ ਉੱਚਾ ਕਰਨ ਦੇ ਕਾਰਨ ਉਹ ਟੈਨਿਸ ਦੇ ਖ਼ੇਤਰ ਵਿਚ ਭਾਰਤੀ ਨਾਂ ਵਜੋਂ ਚਮਕ ਉੱਠੀ ਅਤੇ ਇਕ ਟੈਨਿਸ ਦੀ ਹੈਦਰਾਬਾਦੀ ਸ਼ਹਿਜ਼ਾਦੀ ਦਾ ਨਾਮਕਰਣ ਪ੍ਰਾਪਤ ਕਰਨ ਦੇ ਵਿਚ ਸਫ਼ਲ ਹੋ ਗਈ। ਅਖ਼ਬਾਰਾਂ ਅਤੇ ਟੀ ਵੀ ਚੈਨਲਾਂ ਨੇ ਰਹਿੰਦੀ ਖੂੰਹਦੀ ਕਸਰ ਕੱਢ ਦਿੱਤੀ। ਇਕ ਵਾਰ ਤਾਂ ਕ੍ਰਿਕਟ ਖੂੰਜੇ ਲੱਗ ਗਈ ਸੀ। ਨਿੱਜੀ ਕੰਪਨੀਆ ਨੂੰ ਵੀ ਥੋੜ੍ਹੀ ਅਕਲ ਆਈ ਅਤੇ ਉਨ੍ਹਾਂ ਸਾਨੀਆ ਮਿਰਜ਼ਾ ਨੂੰ ਬਰਾਂਡ ਐਮਬੈਸਡਰ ਨਿਯੁਕਤ ਕਰਨ ਦੇ ਵਿਚ ਰੁਚੀ ਦਿਖਾਈ। ਤਾਜ ਚਾਹ ਨਿਰਮਾਤਾ ਕੰਪਨੀ ਨੇ ਸਾਨੀਆ ਮਿਰਜ਼ਾ ਨੂੰ ਆਪਣੀ ਚਾਹ ਦੀ ਮਸ਼ਹੂਰੀ ਕਰਨ ਦੇ ਲਈ ਮਸਾਂ 11 ਲੱਖ ਰੁਪਏ ਦਿੱਤੇ ਹਨ, ਜਦੋਂ ਕਿ ਗਾਂਗੁਲੀ ਵਰਗੇ ਖਿਡਾਰੀ ਸੋਨਾ ਲੀਕਾ ਚਮਨਪ੍ਰਾਸ ਦੀ ਛੋਟੀ ਜਿਹੀ ਮਸ਼ਹੂਰੀ ਦੇ ਲਈ ਕਰੋੜਾਂ ਰੁਪਏ ਲੈ ਰਹੇ ਹਨ। ਤੇ ਹੁਣ ਜਦ ਇੱਕਾ ਦੁੱਕਾ ਗੈਰ-ਕ੍ਰਿਕਟ ਖੇਡਾਂ ਦੇ ਖਿਡਾਰੀਆਂ ਨੇ ਕੌਮਾਂਤਰੀ ਪੱਧਰ ਤੇ ਭਾਰਤ ਦਾ ਨਾਮ ਰੁਸ਼ਨਾਉਣ ਦੇ ਵਿਚ ਕਾਮਯਾਬੀ ਹਾਸਲ ਕੀਤੀ ਅਤੇ ਅੰਤਰਰਾਸ਼ਟਰੀ ਮੈਦਾਨਾਂ ਦੇ ਵਿਚ ਹਿੰਦੁਸਤਾਨ ਨੂੰ ਪ੍ਰਸਿੱਧੀ ਦੁਆਉਣ ਦਾ ਬੀੜਾ ਭਾਵ ਜਿੰਮਾ ਉਠਾਇਆ ਹੈ ਤੇ ਲੋਕਾਂ ਦੇ ਵਿਚ ਲੋਕਪ੍ਰਿਅਤਾ ਹਾਸਲ ਕੀਤੀ ਹੈ, ਤਾਂ ਹੁਣ ਉਤਪਾਦ ਨਿਰਮਾਣ ਕਰਨ ਵਾਲੀਆ ਵੱਖ ਵੱਖ ਨਿੱਜੀ ਕੰਪਨੀਆਂ ਨੇ ਆਪਣਾ ਰੁੱਖ ਇਸ ਤਰਫ਼ ਕੀਤਾ ਹੈ। ਫਾਰਮੂਲਾ ਵਨ ਕਾਰ ਦੌੜ ਦੇ ਵਿਚ ਆਪਣੀ ਖੇਡ ਕਲਾ ਦੇ ਜ਼ੌਹਰ ਦਿਖਾਉਣ ਵਾਲੇ ਨਰਾਇਣ ਕਾਰਤੀਕਾਇਣ ਨੇ ਕੌਮਾਂਤਰੀ ਜਿੱਤ ਹਾਸਲ ਕੀਤੀ। 2004 ਦੇ ਉਲੰਪਿਕ ਦੇ ਭਾਰਤ ਨੂੰ ਕਾਂਸੀ ਦਾ ਤਮਗਾ ਦਿਵਾਉਣ ਵਾਲੇ ਰਾਜਵਰਧਨ ਰਾਠੌੜ ਨੇ ਵੀ ਨਿੱਜੀ ਕੰਪਨੀਆਂ ਦਾ ਧਿਆਨ ਆਕਰਸ਼ਤ ਕੀਤਾ ਹੈ। ਹੁਣ 2008 ਉਲੰਪਿਕ ਵਿਚ ਇਕ ਸੋਨ-ਤਮਗਾ ਵਾਲੇ ਅਭਿਨਬ ਬਿੰਦਰਾ ਅਤੇ ਦੂਜੇ-ਤੀਜੇ ਦਰਜੇ ਦੇ ਤਮਗੇ ਹਾਸਲ ਕਰਨ ਵਾਲੇ ਭਾਰਤੀਆਂ ਨੂੰ ਵੀ ਇੱਕਾ-ਦੁੱਕਾ ਮਸ਼ਹੂਰੀਆਂ ਵਿਚ ਵੇਖਿਆ ਜਾ ਸਕਦਾ ਹੈ। ਬੈਡਮਿੰਟਨ ਦੇ ਖ਼ੇਤਰ ਵਿਚ ਵਿਸ਼ਵ ਪੱਧਰ ਤੇ ਚਮਕ ਰਹੀ ਸਾਇਨਾ ਨਾਇਵਾਲ ਵੀ ਕਈ ਵਾਰ ਸਿਲਵਰ ਸਕਰੀਨ ਤੇ ਮਸ਼ਹੂਰੀਆਂ ਵਿਚ ਚਮਕਦੀ ਦਿਖਾਈ ਦਿੰਦੀ ਹੈ।

ਇਕ ਜ਼ਮਾਨਾ ਸੀ ਜਦੋਂ ਟੀ ਵੀ ਚੈਨਲਾਂ ਤੇ ਆਉਣ ਵਾਲੀਆਂ ਵਿਗਿਆਪਨਾਂ ਦੇ ਲਈ ਫ਼ਿਲਮ ਅਭਿਨੇਤਾਵਾਂ ਦੀ ਮਦਦ ਲਈ ਜਾਂਦੀ ਸੀ। ਫਿਰ ਮਾਡਲਾਂ, ਰੋਲ ਮਾਡਲਾਂ ਅਤੇ ਰੈਂਪ ਮਾਡਲਾਂ ਦਾ ਜ਼ਮਾਨਾ ਆਇਆ। ਫਿਰ ਕ੍ਰਿਕਟ ਨੇ ਲੋਕਾਂ ਦੇ ਦਿਲੋ ਦਿਮਾਗ ਤੇ ਅਸਰ ਪਾਇਆ ਅਤੇ ਜਗਮੋਹਨ ਡਾਲਮੀਆ ਨੇ ਆਪਣੇ ਵਪਾਰਕ ਸੂਝ-ਬੂਝ ਦੇ ਨਾਲ ਲੈਸ ਦਿਮਾਗ ਦੇ ਨਾਲ ਕ੍ਰਿਕਟ ਨੂੰ ਕਾਰਪੋਰੇਟ ਗੇਮ ਬਣਾ ਕੇ ਇਸ ਦਾ ਵਪਾਰੀਕਰਨ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਕ੍ਰਿਕਟਰ, ਕ੍ਰਿਕਟ ਅਤੇ ਕਾਰਪੋਰੇਟ ਸੰਸਾਰ, ਤਿੰਨਾ ਦੀ ਚਾਂਦੀ ਹੋਣ ਲੱਗੀ। ਹਾਲਾਤ ਇਹ ਬਣ ਗਏ ਲੋਕਾਂ ਨੂੰ ਹਾਕੀ, ਫੁੱਟਬਾਲ, ਕਬੱਡੀ ਅਤੇ ਹੋਰ ਵਧੀਆ ਖੇਡਾਂ ਭੁੱਲ ਗਈਆਂ ਅਤੇ ਕ੍ਰਿਕਟ ਦਾ ਚਸਕਾ ਪੈ ਗਿਆ। ਟੈਲੀਵਿਜਨ ਤੇ ਵਾਰ-ਵਾਰ ਕ੍ਰਿਕਟ ਦੇ ਮੈਚ ਦਿਖਾ ਕੇ ਇਸ ਨੂੰ ਹਾਈ ਸਟੇਟੱਸ ਗੇਮ ਬਣਾ ਕੇ ਅਸਮਾਨੀ ਚੜ੍ਹਾ ਦਿੱਤਾ ਅਤੇ ਇਸ ਦਾ ਸਭ ਤੋਂ ਵੱਡਾ ਨੁਕਸਾਨ ਸਥਾਨਕ ਅਤੇ ਕੌਮੀ ਖੇਡ ਹਾਕੀ ਨੂੰ ਹੋਇਆ। ਹੁਣ ਵੀ ਜੇਕਰ ਸਰਵੇ ਕਰਵਾਇਆ ਜਾਵੇ ਤਾਂ ਬਹੁਤੇ ਬੱਚੇ ਭਾਰਤ ਦੀ ਕੌਮੀ ਖੇਡ ਕਿਹੜੀ ਹੈ? ਪ੍ਰਸ਼ਨ ਦਾ ਜਵਾਬ ਕ੍ਰਿਕਟ ਹੀ ਦੇਣਗੇ, ਹਾਕੀ ਨਹੀਂ।

ਹੁਣ ਵਿਸ਼ਵ ਪੱਧਰ ਤੇ ਭਾਰਤੀ ਟੈਨਿਸ ਪ੍ਰਤਿਭਾ ਦਾ ਕਮਾਲ ਦਿਖਾਉਣ ਵਾਲੀ ਟੈਨਿਸ ਨਾਇਕਾ ਸਾਨੀਆ ਮਿਰਜ਼ਾ ਮਸ਼ਹੂਰੀਆਂ ਪੇਸ਼ ਕਰਨ ਵਾਲੀਆਂ ਨਿੱਜੀ ਕੰਪਨੀਆਂ ਦੀਆਂ ਅੱਖਾਂ ਦਾ ਤਾਰਾ, ਸਿਤਾਰਾ ਬਣੀ ਹੈ। ਇਹ ਵੱਖਰੀ ਗੱਲ ਹੈ ਕਿ ਕ੍ਰਿਕਟ ਖਿਡਾਰੀਆਂ ਵਾਲਾ ਵਿੱਤੀ ਰੁਤਬਾ ਤਾਂ ਅਜੇ ਉਨ੍ਹਾਂ ਨੂੰ ਹਾਸਲ ਹੋਣਾ ਹੈ। ਮਿਸਾਲ ਦੇ ਤੌਰ ਤੇ ਸਾਨੀਆਂ ਨੂੰ ਮਿਲੀਆਂ ਪਹਿਲੀਆਂ ਤਿੰਨ ਅਸਾਈਨਮੈਂਟਾਂ ਦੇ ਵਿਚ ਉਸਨੂੰ 10-10 ਲੱਖ ਰੁਪਏ ਹੀ ਹਾਸਲ ਹੋਏ ਹਨ ਜਦੋਂ ਕਿ ਕ੍ਰਿਕਟਰ, ਜਿਸਨੇ ਆਪਣੀ ਪ੍ਰਤਿਭਾ ਦਾ ਲੋਹਾ ਅਜੇ ਮਨਵਾਉਣਾ ਹੈ, ਨੂੰ ਪਹਿਲੀਆਂ ਦੋ ਮਸ਼ਹੂਰੀਆਂ ਕਰਨ ਦੇ ਲਈ ਕ੍ਰਮ ਵਾਰ 30 ਲੱਖ ਅਤੇ 50 ਲੱਖ ਰੁਪਏ ਹਾਸਲ ਹੋਏ ਹਨ।

ਫਿਰ ਵੀ ਚੰਗਾ ਪਹਿਲੂ ਤਾਂ ਇਹ ਹੈ ਕਿ ਕੰਪਨੀਆਂ ਨੇ ਇਧਰ ਅੱਖ ਤਾਂ ਕੀਤੀ ਹੈ, ਹੌਲੀ ਹੌਲੀ ਮੂੰਹ ਵੀ ਹੋ ਜਾਵੇਗਾ। ਨਾਇਕੀ ਬੂਟ ਅਤੇ ਕੱਪੜੇ ਬਣਾਉਣ ਵਾਲੀ ਅੰਤਰਰਾਸ਼ਟਰੀ ਕੰਪਨੀ ਨੇ ਚੰਡੀਗੜ੍ਹ ਦੀ ਗੋਲਫ ਖਿਡਾਰਣ ਰਿਨਾ ਬਰਾੜ ਨੂੰ ਬਰਾਂਡ ਐਮਬੈਸਡਰ ਨਿਯੁਕਤ ਕੀਤਾ ਤਾਂ ਕ੍ਰਿਕਟਰਾਂ ਦੀਆਂ ਵੀ ਅੱਖਾਂ ਟੱਡੀਆਂ ਰਹਿ ਗਈਆਂ। ਕੰਪਨੀ ਨੇ ਰਿਨਾ ਨੂੰ ਵਾਲ ਵਧਾਉਣ ਲਈ ਕਿਹਾ ਤਾਂ ਬਾੱਬ ਕੱਟ ਹੇਅਰ ਵਾਲੀ 19-ਸਾਲਾ ਐਮ ਏ ਵਿਦਿਆਰਥਣ ਨੇ ਇਸ ਸ਼ਰਤ ਨੂੰ ਖੁਸ਼ੀ ਖੁਸ਼ੀ ਪ੍ਰਵਾਨ ਕਰ ਲਿਆ। ਇੰਜ ਇਹ ਇਕ ਸ਼ੁਭ ਸੰਕੇਤ ਹੈ, ਸ਼ੁਭ ਸ਼ਗਨ ਹੈ ਕਿ ਭਾਰਤੀ ਨਿੱਜੀ ਕੰਪਨੀਆਂ ਦੇ ਵਲੋਂ ਗੈਰ ਕ੍ਰਿਕਟਰ ਖਿਡਾਰੀਆਂ ਦੇ ਨਾਲ ਆਪਣਾ ਲਵ ਅਫੇਅਰ ਆਗਾਜ਼ ਕਰ ਲਿਆ ਹੈ, ਸ੍ਰੀ ਗਣੇਸ਼ ਕਰ ਲਿਆ ਹੈ ਅਤੇ ਜਿਸ ਤਰਾਂ ਸਾਨੀਆਂ, ਵਿਸ਼ਵਨਾਥਨ ਆਨੰਦ, ਰਾਜਵਰਧਨ ਰਾਠੌੜ ਅਤੇ ਬੇਚਿੰਗ ਭੂਟੀਆ ਨੂੰ ਮਸ਼ਹੂਰੀਆਂ ਦੇ ਆਫ਼ਰ ਆਉਣ ਲੱਗੇ ਹਨ, ਜਾਪਦਾ ਹੈ ਕਿ ਇਹ ਇਕ ਚੰਗਾ ਰੁਝਾਨ ਹੈ। ਹੁਣੇ ਹੁਣੇ ਟੈਨਿਸ ਖਿਡਾਰੀ ਸਾਨੀਆ ਮਿਰਜ਼ਾ ਨੇ ਟੈਲੀਕੌਮ ਕੰਪਨੀ ਟਾਟਾ ਇੰਡੀਕਾਮ ਨਾਲ ਇਕ ਸਮਝੌਤੇ ਤੇ ਹਸਤਾਖਰ ਕੀਤੇ ਹਨ ਜਿਸ ਦੇ ਤਹਿਤ ਸਾਨੀਆ ਮਿਰਜ਼ਾ ਟਾਟਾ ਟੈਲੀਕੌਮ ਦੀ ਹਸਤਾਖ਼ਰ ਲੜੀ ਦੇ ਅਧੀਨ ਸਾਨੀਆ ਫੋਨ ਦੇ ਸੀਮਤ ਅਡੀਸ਼ਨ ਦਾ ਬ੍ਰਾਂਡ ਪ੍ਰਮੋਟ ਕਰੇਗੀ। ਇਸ ਤੋਂ ਪਹਿਲਾਂ 19 ਸਾਲਾ ਸਾਨੀਆ ਲੋਟੋ, ਮਾਲਾਬਾਰ ਗੋਲਡ ਅਤੇ ਐਚ ਪੀ ਸੀ ਐਲ ਨਾਲ ਬ੍ਰਾਂਡ ਪ੍ਰਮੋਸ਼ਨ ਦਾ ਇਕਰਾਰ ਕਰ ਚੁੱਕੀ ਹੈ। ਯੁਵਾ ਵਰਗ ਦੇ ਦਿਲਾਂ ਦੀ ਧੜਕਣ ਬਣੀ ਸਾਨੀਆਂ ਨੇ ਨਵੇਂ ਖ਼ਿਡਾਰੀਆਂ ਵਿਚ ਉਤਸ਼ਾਹ ਭਰਿਆ ਹੈ।

ਮੁਸਲਮਾਨ ਪਰਿਵਾਰ ਦੇ ਵਿਚ ਜਨਮੀ ਸਾਨੀਆਂ ਨੂੰ ਮਸ਼ਹੂਰੀਆਂ ਦੀ ਲੋੜ ਦੇ ਅਨੁਸਾਰ ਆਪਣੀਆਂ ਲੰਮੀਆਂ ਜ਼ੁਲਫ਼ਾਂ ਤੇ ਕੈਂਚੀ ਫਿਰਵਾਉਣੀ ਪਈ ਅਤੇ ਖੇਡ ਦੇ ਦੌਰਾਨ ਅਕਸਰ ਗੁੱਤ ਕਰਨ ਵਾਲੀ ਸਾਨੀਆਂ ਹੁਣ ਪੋਨੀ ਟੇਲ ਜਾ ਪਟਿਆਂ ਨੂੰ ਵਾਰ ਵਾਰ ਸਾਂਭਦੀ ਨਜ਼ਰ ਆਉਂਦੀ ਹੋਈ, ਕਿਸੇ ਬਾੱਲੀਵੁੱਡ ਅਭਿਨੇਤਰੀ ਤੋਂ ਘੱਟ ਨਹੀਂ ਜਾਪਦੀ। ਪਰ ਇਸ ਪੱਧਰ ਤੇ ਪੁੱਜਣ ਲਈ ਉਸਨੂੰ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਣਾ ਪਿਆ ਹੈ। ਕ੍ਰਿਕਟ ਖਿਡਾਰੀਆਂ ਦੇ ਪਿਛੇ ਭੱਜਣ ਵਾਲੀਆਂ ਅਨੇਕਾਂ ਬਹੁਕੌਮੀ ਕੰਪਨੀਆਂ ਸਾਨੀਆਂ ਅਤੇ ਨਰਾਇਣ ਕਾਰਤੀਕੇਅਨ ਪਿੱਛੇ ਭੱਜਣ ਲੱਗੀਆਂ ਹਨ। ਹੈਰਾਨੀਜਨਕ ਤੱਥ ਤਾਂ ਇਹ ਹੈ ਪਿਛਲੇ ਦੋ ਮਹੀਨਿਆਂ ਦੇ ਅੰਦਰ ਅੰਦਰ ਸਾਨੀਆਂ ਨੇ 6 ਕਰੋੜ ਰੁਪਏ ਦੀ ਰਾਸੀ ਇਨ੍ਹਾਂ ਵਿਗਿਆਪਨਾਂ ਤੋਂ ਕਮਾਈ ਹੈ, ਅਤੇ ਉਸਦੇ ਕੈਰੀਅਰ ਦੇ ਵਿਚ ਉਛਾਲ ਆਉਣ ਦੇ ਨਾਲ ਵਿਸ਼ਵ ਰੈਂਕਿੰਗ ਦੇ ਵਿਚ ਉਹ ਤੇਜ਼ੀ ਦੇ ਨਾਲ ਉਪਰ ਵੱਲ ਆ ਰਹੀ ਹੈ ਅਤੇ ਉਸ ਦੀ ਵਿਗਿਆਪਨ ਦਰ ਵੀ ਇਸੇ ਦਰ ਨਾਲ ਉਪਰ ਵੱਲ ਆ ਰਹੀ ਹੈ। ਸਾਨੀਆ ਅਤੇ ਕਾਰਤੀਕਰਨ ਦੀ ਵਿਗਿਆਪਨ ਦਰ ਪਿਛਲੇ ਦੋ ਮਹੀਨਿਆਂ ਦੇ ਅੰਦਰ ਅੰਦਰ 5 ਲੱਖ ਰੁਪਏ ਤੋਂ ਆਰੰਭ ਹੋ ਕੇ 1 ਕਰੋੜ ਤੇ ਜਾ ਪੁੱਜੀ ਹੈ। ਯੁਵਾ ਲੋਕਾਂ ਦੀ ਪਸੰਦ, ਸਮਾਜਿਕ ਪਹਿਚਾਣ ਅਤੇ ਆਰਸ਼ਕ ਛਵੀ (ਰੋਲ ਮਾੱਡਲ) ਆਦਿ ਪੱਖਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਅਨੇਕਾਂ ਬਹੁਕੌਮੀ ਕੰਪਨੀਆਂ ਵਲੋਂ ਸਾਨੀਆ ਮਿਰਜ਼ਾ ਅਤੇ ਨਰਾਇਣ ਕਾਰਤੀਕੇਅਨ ਦੇ ਪਿਛੇ ਭੱਜਣਾ ਇਸ ਗੱਲ ਦਾ ਸਬੂਤ ਹੈਕਿ ਚੜਦੇ ਸੂਰਜ ਨੂੰ ਸਲਾਮ ਕਰਨ ਵਾਲੇ ਕਿਵੇਂ ਇਕਦਮ ਕਿਸੇ ਨੂੰ ਪਲਕਾਂ ਉਪਰ ਬਿਠਾ ਲੈਂਦੇ ਹਨ!

ਸਾਨੀਆਂ ਅੱਜ ਤੱਕ ਚਾਰ ਵੱਡੀਆਂ ਕੰਪਨੀਆਂ ਦੇ ਨਾਲ ਇਕਰਾਰ ਕਰ ਚੁੱਕੀ ਹੈ। ਇਨ੍ਹਾਂ ਦੇ ਵਿਚ ਸਭ ਤੋਂ ਵੱਡੀ ਖੇਡ ਸਾਮਗਰੀ ਬਣਾਉਣ ਵਾਲੀ ਇਟਲੀ ਦੀ ਕੰਪਨੀ ਲੋਟੋ ਸਪੋਰਟਸ ਇਟਾਲੀਆ ਹੈ, ਜਿਸ ਨੇ ਸਾਨੀਆਂ ਨੂੰ ਤਿੰਨ ਸਾਲ ਦੇ ਲਈ ਅਨੁਬੰਧਿਤ ਕੀਤਾ ਹੈ। ਭਾਵੇਂ ਕਿ ਕੰਪਨੀ ਨੇ ਇਹ ਖੁਲਾਸਾ ਨਹੀਂ ਕੀਤਾ ਕਿ ਸਾਨੀਆਂ ਨੂੰ ਕਿਤਨੀ ਰਾਸ਼ੀ ਮਿਲ ਰਹੀ ਹੈ, ਪਰ ਮੌਜੂਦਾ ਬਾਜ਼ਾਰ ਦੇ ਵਿਚ ਸਾਨੀਆ ਦੀ ਕੀਮਤ 25 ਤੋਂ 30 ਲੱਖ ਅੰਕੀ ਗਈ ਹੈ, ਜਿਸ ਹਿਸਾਬ ਦੇ ਨਾਲ ਲੋਟੋ ਦੇ ਨਾਲ ਉਸਦਾ ਇਕਰਾਰ ਲਗਭਗ ਕਰੋੜ ਰੁਪਏ ਦਾ ਬਣਦਾ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ 2007 ਤੱਕ ਸਾਨੀਆਂ ਵੱਖ ਵੱਖ ਵਿਗਿਆਪਨ ਕੰਪਨੀਆਂ ਦੇ ਨਾਲ 60 ਕਰੋੜ ਰੁਪਏ ਤੱਕ ਦੀ ਸੌਦੇਬਾਜ਼ੀ ਤੈਅ ਕਰ ਸਕਦੀ ਹੈ, ਕਿਓਂਕਿ ਅੱਜ ਉਹ ਮਸ਼ਹੂਰੀਆਂ ਦੇ ਬਾਜ਼ਾਰ ਦੇ ਵਿਚ ਸਚਿਨ, ਅਮਿਤਾਬ ਅਤੇ ਸ਼ਾਹਰੁਖ ਤੋਂ ਬਾਅਦ ਪਹਿਲੇ ਨੰਬਰ ਤੇ ਹੈ। ਸਾਨੀਆਂ ਮਿਰਜ਼ਾ ਐਟਲਸ ਸਾਈਕਲ, ਗਹਿਣਾ ਨਿਰਮਾਤਾ ਕੰਪਨੀ ਮਾਲਾਬਾਰ ਗੋਲਡ ਅਤੇ ਐਚ ਪੀ ਸੀ ਐਲ ਦੇ ਨਾਲ ਪਹਿਲਾਂ ਹੀ ਮਸ਼ਹੂਰੀਆਂ ਦੇ ਰਹੀ ਹੈ ਅਤੇ ਹੋਰ ਅਨੇਕਾਂ ਆਫ਼ਰਾਂ ਉਸਨੂੰ ਲਗਾਤਾਰ ਆ ਰਹੀਆਂ ਹਨ। ਜਾਪਦਾ ਹੈ ਕਿ ਇਨ੍ਹਾਂ ਕੰਪਨੀਆਂ ਦੀਆਂ ਅੱਖਾਂ ਖੁੱਲ੍ਹ ਗਈਆਂ ਹਨ ਅਤੇ ਪਤਾ ਲੱਗ ਗਿਆ ਹੈ ਕਿ ਕ੍ਰਿਕਟ ਕੇ ਆਗੇ ਜਹਾਂ ਔਰ ਭੀ ਹੈਂ। ਬਾਜ਼ਾਰ ਕੇ ਇਮਤਿਹਾਂ ਔਰ ਭੀ ਹੈਂ।"

ਪੰਜਾਬੀਆਂ ਨਾਲ ਆਪਣੇ ਮੁਲਕ ਵਿੱਚ ਬੇਗਾਨਿਆਂ ਵਾਲਾ ਵਿਵਹਾਰ ਕਿਉਂ ?

ਜਸਬੀਰ ਸਿੰਘ ਜੱਸੀ

ਜਿੰਨੀ ਰਾਸ਼ਟਰੀ ਭਾਵਨਾ ਪੰਜਾਬੀਆਂ ਵਿੱਚ ਕੁੱਟ-ਕੁੱਟ ਕੇ ਭਰੀ ਹੈ, ਸ਼ਾਇਦ ਕਿਸੇ ਹੋਰ ਕੌਮ ਵਿੱਚ ਨਹੀਂ। ਇਹ ਗੱਲ ਸਿਰਫ ਕਹਿਣ ਦੀ ਨਹੀਂ, ਸਗੋਂ ਸਦੀਆਂ ਤੋਂ ਭਾਰਤ ਨੂੰ ਲੁੱਟਣ ਆਏ ਗੋਰੀਆਂ, ਅਬਦਾਲੀਆਂ ਨਾਲ ਲੋਹਾ ਲੈ ਕੇ ਪੰਜਾਬੀਆਂ ਨੇ ਸਦਾ ਲਈ ਭਾਰਤ ਦੀ ਮਜ਼ਬੂਤ ਭਾਸ਼ਾ ਦਾ ਕੰਮ ਕੀਤਾ। ਇਹ ਪੰਜਾਬੀ ਹੀ ਹਨ ਜਿਨ੍ਹਾਂ ਨੂੰ ਲਿਤਾੜ ਕ ਦਿੱਲੀ ਜਾਣਾ ਅੱਜ ਦੇ ਦੁਸ਼ਮਣਾਂ ਨੂੰ ਵੀ ਕਈ ਵਾਰ ਮਹਿੰਗਾ ਪਿਐ। ਦੇਸ਼ ਨੂੰ ਆਜ਼ਾਦ ਕਰਵਾਉਣ ਵੇਲੇ ਪੰਜਾਬੀਆਂ ਦੀਆਂ ਕੁਰਬਾਨੀਆਂ ਦੂਜੇ ਸੂਬਿਆਂ ਦੀ ਤੁਲਨਾ ਵਿੱਚ ਕਿੰਨੀਆਂ ਜ਼ਿਆਦਾ ਹਨ, ਕਿਸੇ ਤੋਂ ਗੁਝੀਆਂ ਨਹੀਂ, ਜਿਹੜੀ ਆਜ਼ਾਦੀ ਲੈਣ ਲਈ ਭਗਤ ਸਿੰਘ ਵਰਗੇ ਸ਼ੇਰਾਂ ਨੇ ਬਲੀਦਾਨ ਦਿੱਤੇ ਸਨ, ਉਸ ਦੀ ਥਾਂ ਸਮਝੌਤਾਵਾਦੀ ਆਜ਼ਾਦੀ ਪ੍ਰਾਪਤ ਕਰਕੇ ਦੱਖਣੀ ਲੀਡਰਾਂ ਨੇ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਗਾਲ੍ਹ ਕੱਢਣ ਵਰਗਾ ਹੋਛਾ ਕਾਰਨਾਮਾ ਤਾਂ 1947 ਵੇਲੇ ਹੀ ਕਰ ਵਿਖਾਇਆ। ਇਹ ਪੰਜਾਬ ਨਾਲ ਵੱਡਾ ਬੇਗਾਨਗੀ ਅਤੇ ਵਿਤਕਰੇ ਵਾਲਾ ਕਾਰਨਾਮਾ ਹੀ ਸੀ ਕਿ ਵੰਡ ਦੀ ਲਕੀਰ ਭਾਰਤ-ਪਾਕਿਸਤਾਨ ਦੀ ਹਿੱਕ 'ਤੇ ਨਹੀਂ, ਸਗੋਂ ਪੰਜਾਬ ਦੀ ਹਿੱਕ ਤੇ ਖਿੱਚ ਕੇ ਇਨ੍ਹਾਂ ਸੂਰਮੇ ਭਰਾਵਾਂ ਨੂੰ ਮਾਰ ਮਰਾਈ ਤੱਕ ਉਤਾਰ ਕੇ ਵੰਡਿਆ।

ਦੇਸ਼ ਦੇ ਖਾਲੀ ਡੱਕ-ਡੱਕ ਕਰਦੇ ਅੰਨ ਭੰਡਾਰਾਂ ਨੂੰ ਪੰਜਾਬ ਦੇ ਕਿਸਾਨਾਂ ਨੇ ਆਪਣੇ ਪਸੀਨੇ ਵਹਾ ਕੇ ਭਰਿਆ। ਪੂਰੇ ਭਾਰਤ ਦੇ ਮੂੰਹ ਵਿੱਚ ਅੰਨ ਪਾਇਆ। ਰਾਸ਼ਟਰੀ ਭਾਵਨਾ ਹੋਣ ਦੀ ਇਹ ਕੋਈ ਛੋਟੀ ਉਦਾਹਰਣ ਨਹੀਂ, ਪਰ ਬਦਲੇ ਵਿੱਚ ਪੰਜਾਬ ਨੂੰ ਮਿਲੀਆਂ। ਇਸ ਦੀ ਹਿੱਕ ਪੁੱਟੀਆਂ ਦਿਓ ਕੱਢ ਨਹਿਰਾਂ, ਜਿਨ੍ਹਾਂ ਵਿੱਚ ਡੁੱਬ ਮਰਨ, ਸੇਮ ਦਾ ਸੰਤਾਪ ਹੰਢਾਉਣ ਅਤੇ ਜਰਖੇਜ਼ ਜ਼ਮੀਨ ਲੇਖੇ ਲਾਉਣ ਲਈ ਤਾਂ ਪੰਜਾਬੀ, ਪਰ ਇਨ੍ਹਾਂ ਦਾ ਪਾਣੀ-ਪੀਣ ਅਤੇ ਜ਼ਮੀਨ ਸਿੰਜ ਕੇ ਢਿੱਡ ਭਰਨ ਲਈ ਹੋਰ ਸੂਬੇ। ਦੇਸ਼ ਲਈ ਆਪਾ ਵਾਰਨ ਦੀ ਇਸ ਤੋਂ ਵੱਡੀ ਹੋਰ ਕੀ ਉਦਾਹਰਣ ਹੋ ਸਕਦੀ ਹੈ।

ਤਜ਼ਬ ਦੀ ਗੱਲ ਤਾਂ ਇਹ ਹੈ ਕਿ ਜਿਨ੍ਹਾਂ ਸੂਬਿਆਂ ਤੱਕ ਪੰਜਾਬ ਵਿੱਚੋਂ ਪਾਣੀ ਜਾਂਦਾ ਜਾਂ ਦੇਸ਼ ਦੇ ਹੋਰ ਸੂਬੇ ਹਨ, ਉਨ੍ਹਾਂ ਵਿੱਚ ਪੰਜਾਬੀ ਜ਼ਮੀਨ ਨਹੀਂ ਖਰੀਦ ਸਕਦੇ। ਸਦਕੇ ਜਾਈਏ ਉਸ ਕੇਂਦਰ ਸਰਕਾਰ ਦੇ ਅਤੇ ਸੰਵਿਧਾਨ ਦੇ ਜਿਸ ਨੇ ਦੇਸ਼ ਦੇ ਅਹਿਮ ਹਿੱਸੇ ਨੂੰ ਆਪਣੇ ਮੁਲਕ ਵਿੱਚ ਬੇਗਾਨਾ ਬਣਾ ਦਿੱਤੈ। ਉਹ ਆਪਣੇ ਮੁਲਕ ਵਿੱਚ ਈ ਜਾਇਦਾਦ ਨਹੀਂ ਖਰੀਦ ਸਕਦਾ, ਫਿਰ ਕਿਹੜੀ ਰਾਸ਼ਟਰੀ ਏਕਤਾ ਦੀ ਗੱਲ ਕਰਕੇ ਪੰਜਾਬੀਆਂ ਨੂੰ ਉੱਲੂ ਬਣਾਇਆ ਜਾ ਰਿਹੈ?

ਇਹ ਤਾਂ ਪੰਜਾਬ ਵਿੱਚ ਵੱਸਦੇ ਸਭ ਧਰਮਾਂ, ਜਾਤਾਂ, ਗੋਤਾਂ ਦੇ ਲੋਕਾਂ ਦੀ ਫਰਾਖਦਿਲੀ ਹੈ ਕਿ ਬਾਹਰਲੀਆਂ ਦੇ ਲੱਖ ਯਤਨ ਕਰਨ ਤੇ ਵੀ ਇਨ੍ਹਾਂ ਦੇ ਨਹੁੰ ਮਾਸ ਦੇ ਰਿਸ਼ਤ ਵਿੱਚ ਤਰੇੜ ਨਹੀਂ ਆਈ। ਪੰਜਾਬੀ ਹਿੰਦੂ, ਸਿੱਖ, ਮੁਸਲਮਾਨ ਬਾਅਦ ਵਿੱਚ ਹਨ, ਪਹਿਲਾਂ ਪੰਜਾਬੀ ਹਨ। ਪੰਜਾਬ 'ਤੇ ਵੱਜਦੀ ਕੇਂਦਰੀ ਸੱਟ ਨੇ ਇਨ੍ਹਾਂ ਸਭ ਨੂੰ ਪ੍ਰਭਾਵਤ ਕੀਤੈ। ਦੇਸ਼ ਦੀ ਵੰਡ ਤੋਂ ਬਾਅਦ ਅੱਧੋ ਕੁ ਰਹੇ ਪੰਜਾਬ ਨੂੰ 'ਪੰਜਾਬੀ ਸੂਬੇ' ਬਣਾਉਣ ਵੇਲੇ ਕੇਂਦਰ ਦੇ ਪੰਜਾਬੀਆਂ ਤੋਂ ਡਰ ਦੀ ਭਾਵਨਾ ਝਲਕਦੀ ਹੈ। ਭਾਰਤੀ ਹਾਕਮ ਅੰਗਰੇਜ਼ਾਂ ਨੂੰ ਤਾਂ ਭੰਡਦੇ ਨਹੀਂ ਥੱਕਦੇ ਅਖੇ ਉਹ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਤੇ ਚੱਲਦੇ ਹਨ, ਪਰ ਆਪ ਪੰਜਾਬ ਦੇ ਤਿੰਨ ਟੋਟੇ ਕਰਕੇ ਕਿਹੜੀ ਨੀਤੀ ਦਾ ਸਬੂਤ ਦਿੱਤਾ ਉਨ੍ਹਾਂ ਨੇ? ਕੀ ਇਹ ਸਰਾਸਰ ਜ਼ਿਆਦਤੀ ਨਹੀਂ ਕਿ ਪੰਜਾਬੀ ਆਪਣੇ ਹੀ ਸੂਬੇ ਦਾ ਹਿੱਸਾ ਰਹਿ ਚੁੱਕੇ ਹਰਿਆਣਾ, ਹਿਮਾਚਲ ਵਿੱਚ ਵੀ ਵਪਾਰ, ਖੇਤੀਬਾੜੀ ਨਹੀਂ ਕਰ ਸਕਦੇ, ਬੇਗਾਨੇ ਬਣਾ ਦਿੱਤੇ ਗਏ ਐ।

ਚੰਡੀਗੜ੍ਹ ਦਾ ਮਸਲਾ ਅਜਿਹਾ ਅੱਧਵਾਟੇ ਛੱਡਿਐ ਕਿ ਹਰਿਆਣਾ ਅਤੇ ਪੰਜਾਬ ਦੇ ਪੰਜਾਬੀ ਲੋਕ ਹੀ ਇੱਕ ਦੂਜੇ ਨੂੰ ਦੁਸ਼ਮਣ ਤਸੱਵਰ ਕਰਨ ਲੱਗ ਪਏ। ਇਹ ਕੋਝੀਆਂ ਚਾਲਾਂ ਹੀ ਹਨ ਕਿ ਪਹਿਲਾਂ ਭਰਾਵਾਂ ਨੂੰ ਆਪਸ ਵਿੱਚ ਲੜਾ ਦਿਓ, ਫਿਰ ਸਮਝੌਤਾ ਕਰਵਾਉਣ ਵੇਲੇ ਦੋਵਾਂ ਉੱਤੇ ਲੱਤ ਰੱਖ ਕੇ ਕੁੱਝ ਖੱਟ-ਖਾ ਲਵੋ। ਸਤਲੁਜ ਯਮਨਾ ਲਿੰਕ ਨਹਿਰ ਕੱਢ ਕੇ ਪੰਜਾਬ ਦੀ ਹਜਾਰਾਂ ਏਕੜ ਜਰਖੇਜ ਜ਼ਮੀਨ ਬੇਕਾਰ ਤਾਂ ਕਰ ਹੀ ਦਿੱਤੀ ਹੈ, ਸਗੋਂ ਪੰਜਾਬ ਦੀ ਹਿੱਕ 'ਤੇ ਸਦਾ ਲਈ ਰੜਕਣ ਵਾਲਾ ਮੂੰਗ ਵੀ ਦਲਣਾ ਸ਼ੁਰੂ ਕੀਤਾ ਹੋਇਆ। ਜਦ ਜੀਅ ਕਰੇ ਕੇਂਦਰ ਹਵਾ ਦੇ ਕੇ ਇਸ ਮਸਲੇ ਦੇ ਕੋਲਿਆਂ ਨੂੰ ਭਖਾ ਸਕਦੈ।

ਸਿਰਫ ਕਾਂਗਰਸ ਹੀ ਨਹੀਂ, ਕੇਂਦਰ ਵਿੱਚ ਚਾਹੇ ਕੋਈ ਵੀ ਸਰਕਾਰ ਹੋਵੇ, ਪੰਜਾਬ ਨਾਲ ਮਤਰੇਈ ਮਾਂ ਵਾਲਾ ਵਿਤਕਰਾ ਕਰਨੋਂ ਬਾਜ ਨਹੀਂ ਆਉਂਦੀ। ਹਿੰਦੂ ਸਿੱਖ ਵਾਲਾ ਮਸਲਾ ਜਿੰਨਾ ਆਰ.ਐੱਸ.ਐੱਸ. ਅਤੇ ਭਾਜਪਾ ਨੇ ਪੰਜਾਬ ਵਿੱਚ ਉਭਾਰ ਕੇ ਪੰਜਾਬ ਦਾ ਨੁਕਸਾਨ ਕੀਤੈ, ਇਹ ਕਿਸੇ ਤੋਂ ਛੁਪਿਆ ਨਹੀਂ। ਹਜਾਰਾਂ ਬੇਕਸੂਰ ਜਾਨਾਂ, ਜਾਇਦਾਦਾਂ ਅਤੇ ਮਾਲ-ਅਸਬਾਬ ਪੰਜਾਬ ਨੇ ਹੀ ਗਵਾਇਐ। ਚਾਹੇ ਹਿੰਦੂ ਜਾਂ ਸਿੱਖ ਹੈਨ ਤਾਂ ਪੰਜਾਬੀ ਹੀ। ਪੰਜਾਬ ਵਿੱਚ ਲਾਈ ਹੋਈ ਇਸ ਅੱਗ ਦਾ ਸੇਕ ਸਦੀਆਂ ਤੱਕ ਆਉਂਦਾ ਰਹੇਗਾ।

ਇਹ ਵੀ ਇੱਕ ਦੁਖਾਂਤ ਹੀ ਹੈ ਕਿ ਆਪਣੇ ਪੈਰ ਤੇ ਆਪ ਕੁਹਾੜਾ ਮਾਰਨ ਲਈ ਪੰਜਾਬੀ ਲੀਡਰਾਂ ਨੂੰ ਹੀ ਵਰਤਿਆ ਜਾਂਦੈ। ਇਹ ਨੇਤਾ ਆਪਣੇ ਛੋਟੇ-ਛੋਟੇ ਮੁਫਾਦਾਂ ਖਾਤਰ ਪੰਜਾਬ ਨੂੰ ਬਲੀ ਦਾ ਬੱਕਰਾ ਬਣਾਉਣ ਵਿੱਚ ਹਿਚਕਿਚਾਉਂਦੇ ਨਹੀਂ। ਕਿਸੇ ਨੂੰ ਕੇਂਦਰੀ ਮੰਤਰੀ ਬਣਾਉਣ, ਕਿਸੇ ਦੇ ਨੂੰਹ-ਪੁੱਤ ਨੂੰ ਕੇਂਦਰੀ ਕੈਬਨਿਟ ਵਿੱਚ ਸ਼ਾਮਲ ਕਰਨਾ, ਕਿਸੇ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਅਤੇ ਕਿਸੇ ਦਾ ਮਾਲ ਪੱਤੇ ਨਾਲ ਘਰ ਭਰਨ ਦੀ ਬੁਰਕੀ ਸੁੱਟ ਕੇ ਪੰਜਾਬ ਦੇ ਹਿੱਤਾਂ ਦਾ ਘਾਣ ਕਰਨ ਲਈ ਵਰਤਿਆ ਜਾਂਦੈ, ਪਰ ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਰਹਿੰਦੀ।

ਦੇਸ਼, ਕੇਂਦਰ ਅਤੇ ਤਰੱਕੀ ਨੇਤਾਵਾਂ, ਸਭ ਦੇ ਹਿੱਤ ਵਿੱਚ ਇਹੀ ਗੱਲ ਰਹੇਗੀ ਕਿ ਪੰਜਾਬ ਨੂੰ ਦੂਜੇ ਸੂਬਿਆਂ ਦੇ ਲੋਕਾਂ ਦੇ ਬਰਾਬਰ ਅਧਿਕਾਰ ਦਿੱਤੇ ਜਾਣ। ਪੰਜਾਬ ਵੀ ਸਾਰੇ ਦੇਸ਼ ਨੂੰ ਆਪਣਾ ਤਾਂ ਹੀ ਸਮਝਣਗੇ ਜੇ ਪੂਰੇ ਮੁਲਕ ਵਿੱਚ ਆਜ਼ਾਦੀ ਨਾਲ ਘੁੰਮ ਫਿਰ, ਕੰਮ-ਕਾਰ ਅਤੇ ਜਾਇਦਾਦ ਖਰੀਦ ਸਕਣਗੇ। ਸਰਹੱਦਾਂ ਤੇ ਮੋਮਬੱਤੀਆਂ ਜਗਣੀਆਂ ਇੱਕ ਸੰਕੇਤ ਹੈ। ਦੁਨੀਆਂ ਭਰ ਦੇ ਪੰਜਾਬੀਆਂ ਵੱਲੋਂ ਇੱਕਮੁੱਠ ਹੋਣ ਦਾ। ਉਨ੍ਹਾਂ ਨੂੰ ਅਹਿਸਾਸ ਹੋ ਗਿਐ ਕਿ ਅਸੀਂ ਹਿੰਦੂ, ਮੁਸਲਮਾਨ, ਸਿੱਖ, ਪਾਕਿਸਤਾਨੀ, ਹਰਿਆਣਵੀ, ਹਿੰਦੋਸਤਾਨੀ, ਹਿਮਾਚਲੀ, ਦਿੱਲੀ ਵਾਲੇ ਜਾਂ ਕਨੇਡੀਅਨ, ਅਮਰੀਕੀ, ਇੰਗਲੈਂਡੀਏ ਬਾਅਦ ਵਿੱਚ ਹਾਂ, ਪਹਿਲਾਂ ਪੰਜਾਬੀ ਹਾਂ। ਦੇਸ਼ ਦੀ ਤਰੱਕੀ ਵਿੱਚ ਪੰਜਾਬੀਆਂ ਨੂੰ ਪੱਕੀ ਇੱਟ ਵਾਂਗ ਲਾਉਣ ਲਈ ਕੇਂਦਰ ਨੂੰ ਬੇਗਾਨਗੀ ਵਾਲਾ ਰਵੱਈਆ ਛੱਡਣਾ ਹੀ ਪਵੇਗਾ, ਨਹੀਂ ਤਾਂ ਕੱਲ੍ਹ ਤੱਕ ਦੇਰ ਹੋ ਜਾਵੇਗੀ।

ਦਿਨੋਂ-ਦਿਨ ਵੱਧ ਰਹੀਆਂ ਲੁੱਟਾਂ, ਖੋਹਾਂ ਨੇ ਪੈਦਾ ਕੀਤਾ ਦਹਿਸ਼ਤ ਦਾ ਮਾਹੌਲ

ਸੁਖਰਾਜ ਚੈਹਿਲ ਧਨੌਲਾ

ਪੰਜਾਬ ਵਿੱਚ ਪੰਜਾਬੀਆਂ, ਗੁਰੂਆਂ, ਪੀਰਾਂ ਅਤੇ ਪੰਜ ਦਰਿਆਵਾਂ ਦੀ ਧਰਤੀ ਹੈ। ਜਿੱਥੇ ਅਨੇਕਾਂ ਸੂਰਮੇ, ਯੋਧੇ ਪੈਦਾ ਹੋਏ ਹਨ। ਜਿਸ ਨਾਲ ਪੰਜਾਬ ਦਾ ਹਰ ਪਾਸੇ ਨਾਮ ਚੱਲਣ ਲੱਗ ਪਿਆ ਹੈ। ਜਦ ਕਿ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਜਿਸ ਤਰ੍ਹਾਂ ਦੇ ਇੱਥੇ ਹਾਲਾਤ ਹਨ, ਉਸ ਬਾਰੇ ਸੋਚ ਕੇ, ਸੁਣ ਕੇ ਦਿਲ ਵਿੱਚ ਇੱਕ ਦਹਿਸ਼ਤ ਦਾ ਮਾਹੌਲ ਪੈਦਾ ਹੁੰਦਾ ਹੈ। ਜਿਸ ਤਰ੍ਹਾਂ ਇੱਥੇ ਲਗਾਤਾਰ ਲੁੱਟਾਂ, ਖੋਹਾਂ, ਚੋਰੀਆਂ ਆਦਿ ਦੀਆਂ ਘਟਨਾਵਾਂ ਹੋ ਰਹੀਆਂ ਹਨ, ਇਸ ਨਾਲ ਪੰਜਾਬ ਦੀ ਪਵਿੱਤਰ ਧਰਤੀ ਨੂੰ ਦਾਗ ਲੱਗ ਰਿਹਾ ਹੈ। ਜਦੋਂ ਪੰਜਾਬ ਦੀ ਜਾਨ ਮੰਨੀ ਜਾਣ ਵਾਲੀ ਨੌਜਵਾਨ ਪੀੜ੍ਹੀ ਜੋ ਲਗਾਤਾਰ ਨਸ਼ਿਆਂ ਦੀ ਦਲਦਲ ਵਿੱਚ ਧਸਦੀ ਜਾ ਰਹੀ ਹੈ। ਜੋ ਕਿ ਇੱਕ ਖਤਰੇ ਦੀ ਘੰਟੀ ਹੈ। ਇਹ ਨੌਜਵਾਨ ਕਈ ਇਸ ਤਰ੍ਹਾਂ ਦੇ ਵੀ ਹੁੰਦੇ ਹਨ, ਜੋ ਕੰਮਕਾਰ ਕਰਕੇ ਘੱਟ ਖੁਸ਼ ਹੁੰਦੇ ਹਨ ਅਤੇ ਵਿਹਲੇ ਰਹਿਣ ਦੀ ਆਦਤ ਪਈ ਹੁੰਦੀ ਹੈ ਅਤੇ ਘਰੋਂ ਵੀ ਖਰਚਾ ਆਦਿ ਕਰਨ ਦੀ ਖੁੱਲ੍ਹ ਨਹੀਂ ਹੁੰਦੀ। ਉਹ ਫਿਰ ਗਲਤ ਕੰਮ ਕਰਨ ਦੀ ਸੋਚਦੇ ਹਨ, ਜਿਵੇਂ ਕਿ ਚੋਰੀ, ਕਰਨੀ, ਲੁੱਟ ਖੋਹ ਕਰਨੀ, ਕਿਤੇ ਡਾਕਾ ਆਦਿ ਮਾਰਨਾ ਜਿਸ ਨਾਲ ਉਹ ਆਪਣਾ ਗੁਜਾਰਾ ਕਰ ਲੈਂਦੇ ਹਨ। ਹੁਣ ਇਹ ਸਿਲਸਿਲਾ ਲਗਾਤਾਰ ਵੱਧ ਰਿਹਾ ਹੈ। ਜਿਸ ਦਾ ਅਸਰ ਇਸ ਅੱਗੇ ਆਉਣ ਵਾਲੀ ਪੀੜ੍ਹੀ 'ਤੇ ਵੀ ਪਵੇਗਾ। ਜਿਸ ਤਰ੍ਹਾਂ ਦੇ ਹਾਲਾਤ ਵੇਖਣ ਨੂੰ ਮਿਲ ਰਹੇ ਹਨ। ਉਸ ਨੂੰ ਰੋਕਣ ਲਈ ਕੋਈ ਠੋਸ ਕਦਮ ਚੁੱਕਣ ਦੀ ਲੋੜ ਹੈ। ਅੱਜ ਕੱਲ੍ਹ ਤਾਂ ਸ਼ਰੇਆਮ ਹੀ ਗੁੰਡਾ ਰਾਜ ਹੋਇਆ ਪਿਆ ਹੈ, ਦਿਨ-ਦਿਹਾੜੇ ਡਾਕੇ ਵੱਜ ਰਹੇ ਹਨ, ਜੋ ਕੋਈ ਆਦਮੀ ਪੈਸੇ ਆਦਿ ਲੈ ਕੇ ਜਾਂਦਾ ਹੈ। ਉਸ ਬਾਰੇ ਕਿਸੇ ਗਰੋਹ ਨੂੰ ਪਤਾ ਲੱਗ ਜਾਂਦਾ ਹੈ। ਉਸ ਨੂੰ ਮਿੰਟ ਵਿੱਚ ਮਾਰ-ਮੁਕਾ ਕੇ ਪੈਸੇ ਆਦਿ ਖੋਹ ਕੇ ਫਰਾਰ ਹੋ ਜਾਂਦੇ ਹਨ। ਕਈ ਅਜਿਹੇ ਮਾਮਲੇ ਦੇਖਣ ਵਿੱਚ ਆਏ ਹਨ ਕਿ ਦਿਨ ਦਿਹਾੜੇ ਘਰਾਂ ਵਿੱਚ ਚੋਰ ਵੜ ਗਏ ਅਤੇ ਘਰ ਵਿੱਚ ਰਹਿ ਰਹੇ ਮੈਂਬਰਾਂ ਨੂੰ ਡਰਾ ਕੇ ਉਨ੍ਹਾਂ ਤੋਂ ਪੈਸੇ, ਗਹਿਣੇ ਆਦਿ ਖੋਹ ਕੇ ਲੈ ਗਏ। ਜਦੋਂ ਕਿ ਦੁਕਾਨਾਂ ਆਦਿ ਰਾਤ ਨੂੰ ਜਦੋਂ ਦੁਕਾਨਦਾਰ ਬੰਦ ਕਰਕੇ ਜਾਂਦੇ ਹਨ। ਉਸ ਤੋਂ ਬਾਅਦ ਚੋਰ ਜਿੰਦੇ ਭੰਨ ਤੋੜ ਕੇ ਅੰਦਰੋਂ ਕੀਮਤੀ ਸਾਮਾਨ ਚੋਰੀ ਕਰਕੇ ਲੈ ਜਾਂਦੇ ਹਨ, ਜਿਸ ਬਾਰੇ ਬਾਅਦ ਵਿੱਚ ਕੁਝ ਪਤਾ ਨਹੀਂ ਲੱਗਦਾ। ਅੱਜ ਕੱਲ੍ਹ ਤਾਂ ਚੋਰੀਆਂ ਦਿਨ-ਦਿਹਾੜੇ ਹੀ ਹੋ ਰਹੀਆਂ ਹਨ। ਹੁਣ ਤਾਂ ਜਦੋਂ ਬੈਂਕ ਆਦਿ ਵਿੱਚ ਕੋਈ ਕੈਸ਼ (ਰੁਪਏ) ਆਦਿ ਲੈਣ ਜਾ ਜਮ੍ਹਾਂ ਕਰਵਾਉਣ ਜਾਂਦੇ ਹਨ, ਉਸ ਵੇਲੇ ਵੀ ਰਸਤੇ ਵਿੱਚ ਵੀ ਬੜਾ ਧਿਆਨ ਨਾਲ ਜਾਣਾ ਆਉਣਾ ਪੈਂਦਾ ਹੈ, ਕਿਉਂਕਿ ਕਈ ਲੁਟੇਰਿਆਂ ਦੇ ਗਰੋਹ ਅਜਿਹੇ ਮੌਕੇ ਭਾਲਦੇ ਰਹਿੰਦੇ ਹਨ ਕਿ ਕੋਈ ਬੈਂਕ ਵਿੱਚ ਆਉਂਦਾ ਹੈ, ਉਸ ਤੋਂ ਨਜ਼ਰ ਰੱਖਦੇ ਹਨ ਤੇ ਜਦੋਂ ਮੌਕਾ ਮਿਲਦਾ ਹੈ ਤਾਂ ਆਪਣਾ ਕੰਮ ਕਰ ਜਾਂਦੇ ਹਨ ਅਤੇ ਕਈ ਵਾਰੀ ਆਦਮੀ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈ ਜਾਂਦੇ ਹਨ। ਅਜਿਹੇ ਲੁਟੇਰੇ ਆਮ ਆਦਮੀ ਬਾਰੇ ਨਹੀਂ ਸੋਚਦੇ ਉਹ ਤਾਂ ਸਿਰਫ ਪੈਸੇ ਖਾਤਰ ਆਦਮੀ ਨੂੰ ਜਾਨੋਂ ਮੁਕਾ ਦਿੰਦੇ ਹਨ। ਕਿਉਂਕਿ ਅੱਜ ਦੇ ਸਮੇਂ ਸਿਰਫ ਪੈਸਾ ਹੀ ਜ਼ਿਆਦਾ ਕੀਮਤੀ ਹੈ। ਪੈਸੇ ਖਾਤਰ ਆਦਮੀ, ਆਦਮੀ ਦਾ ਹੀ ਦੁਸ਼ਮਣ ਬਣ ਜਾਂਦਾ ਹੈ। ਇਸ ਲਈ ਬੜਾ ਸੋਝ-ਸਮਝ ਕੇ ਚੱਲਣ ਦੀ ਲੋੜ ਹੈ। ਕਈ ਵੱਡੇ-ਵੱਡੇ ਚੋਰ ਗਰੋਹ ਪੁਲਿਸ ਅੜਿੱਕੇ ਵੀ ਆ ਰਹੇ ਹਨ। ਪਰ ਇਸ ਦਾ ਅਸਰ ਕਿਸੇ ਵੀ ਪਾਸੇ ਦਿਖਾਈ ਨਹੀਂ ਦੇ ਰਿਹਾ। ਕਈ ਵਾਰੀ ਦੇਖਣ ਵਿੱਚ ਆਇਆ ਹੈ ਕਿ ਜਿਵੇਂ ਕਿਤੇ ਚੋਰ ਗਰੋਹ ਮੋਟਰ ਸਾਈਕਲ, ਕਾਰਾਂ ਆਦਿ ਚੋਰੀ ਕਰਦੇ ਹਨ ਅਤੇ ਇਹ ਕਾਲਾ ਧੰਦਾ ਚਲਾਉਂਦੇ ਰਹਿੰਦੇ ਹਨ, ਪਰ ਜਦੋਂ ਉਨ੍ਹਾਂ ਦਾ ਪਰਦਾਫਾਸ਼ ਹੋ ਜਾਂਦਾ ਹੈ ਤਾਂ ਹਜ਼ਾਰਾਂ ਵਾਹਨ ਚੋਰੀ ਦੇ ਉਨ੍ਹਾਂ ਪਾਸੋਂ ਬਰਾਮਦ ਹੁੰਦੇ ਹਨ। ਅਜਿਹੀਆਂ ਘਟਨਾਵਾਂ ਅੱਜ ਕੱਲ੍ਹ ਲਗਾਤਾਰ ਸੁਣਨ ਵਿੱਚ ਆ ਰਹੀਆਂ ਹਨ। ਜਿਸ ਨਾਲ ਪੰਜਾਬ ਦੀ ਧਰਤੀ ਤੇ ਘਟਨਾਵਾਂ ਦਾ ਕਹਿਰ ਮੱਚ ਰਿਹਾ ਹੈ। ਇਹ ਜੋ ਹਾਲਾਤ ਹਨ। ਉਨ੍ਹਾਂ ਬਾਰੇ ਸੋਚ ਕੇ ਅਜਿਹਾ ਲੱਗਦਾ ਹੈ ਕਿ ਘਰ, ਗਲੀ, ਮਹੱਲੇ, ਦੁਕਾਨ ਆਦਿ ਵਿੱਚ ਇਕੱਲੇ ਆਦਮੀ ਰਹਿਣਾ ਬਹੁਤ ਮੁਸ਼ਕਿਲ ਹੋ ਰਿਹਾ ਹੈ। ਜੇਕਰ ਬੰਦ ਆਦਿ ਦੀ ਸੁਰੱਖਿਆ ਦੀ ਗੱਲ ਕਰੀਏ ਤਾਂ ਲੱਗਦਾ ਹੈ ਕਿ ਸੁਰੱਖਿਆ ਦੇ ਪ੍ਰਬੰਧ ਤਾਂ ਬਹੁਤ ਕੀਤੇ ਗਏ ਹਨ।

ਜਿਸ ਤਰ੍ਹਾਂ ਇੱਥੇ ਲਗਾਤਾਰ ਲੁੱਟਾਂ, ਖੋਹਾਂ, ਚੋਰੀਆਂ ਆਦਿ ਦੀਆਂ ਘਟਨਾਵਾਂ ਹੋ ਰਹੀਆਂ ਹਨ, ਇਸ ਨਾਲ ਪੰਜਾਬ ਦੀ ਪਵਿੱਤਰ ਧਰਤੀ ਨੂੰ ਦਾਗ ਲੱਗ ਰਿਹਾ ਹੈ। ਜਦੋਂ ਪੰਜਾਬ ਦੀ ਜਾਨ ਮੰਨੀ ਜਾਣ ਵਾਲੀ ਨੌਜਵਾਨ ਪੀੜ੍ਹੀ ਜੋ ਲਗਾਤਾਰ ਨਸ਼ਿਆਂ ਦੀ ਦਲਦਲ ਵਿੱਚ ਧਸਦੀ ਜਾ ਰਹੀ ਹੈ। ਜੋ ਕਿ ਇੱਕ ਖਤਰੇ ਦੀ ਘੰਟੀ ਹੈ। ਇਹ ਨੌਜਵਾਨ ਕਈ ਇਸ ਤਰ੍ਹਾਂ ਦੇ ਵੀ ਹੁੰਦੇ ਹਨ, ਜੋ ਕੰਮਕਾਰ ਕਰਕੇ ਘੱਟ ਖੁਸ਼ ਹੁੰਦੇ ਹਨ ਅਤੇ ਵਿਹਲੇ ਰਹਿਣ ਦੀ ਆਦਤ ਪਈ ਹੁੰਦੀ ਹੈ ਅਤੇ ਘਰੋਂ ਵੀ ਖਰਚਾ ਆਦਿ ਕਰਨ ਦੀ ਖੁੱਲ੍ਹ ਨਹੀਂ ਹੁੰਦੀ। ਉਹ ਫਿਰ ਗਲਤ ਕੰਮ ਕਰਨ ਦੀ ਸੋਚਦੇ ਹਨ, ਜਿਵੇਂ ਕਿ ਚੋਰੀ, ਕਰਨੀ, ਲੁੱਟ ਖੋਹ ਕਰਨੀ, ਕਿਤੇ ਡਾਕਾ ਆਦਿ ਮਾਰਨਾ ਜਿਸ ਨਾਲ ਉਹ ਆਪਣਾ ਗੁਜਾਰਾ ਕਰ ਲੈਂਦੇ ਹਨ। ਹੁਣ ਇਹ ਸਿਲਸਿਲਾ ਲਗਾਤਾਰ ਵੱਧ ਰਿਹਾ ਹੈ। ਜਿਸ ਦਾ ਅਸਰ ਇਸ ਅੱਗੇ ਆਉਣ ਵਾਲੀ ਪੀੜ੍ਹੀ 'ਤੇ ਵੀ ਪਵੇਗਾ।

ਜਿਵੇਂ ਹਰ ਕੋਨੇ ਤੇ ਕੈਮਰੇ ਲੱਗੇ ਹਨ, ਜੋ ਕਿ ਆਦਮੀ ਦੇ ਆਉਣ 'ਤੇ ਨਜ਼ਰ ਰੱਖਦੇ ਹਨ ਅਤੇ ਇਨ੍ਹਾਂ ਕੈਮਰਿਆਂ ਉਨ੍ਹਾਂ ਲੁਟੇਰਿਆਂ ਦਾ ਵੱਧ ਪਤਾ ਲੱਗ ਚੁੱਕਾ ਹੈ, ਜੋ ਕਈ ਵਾਰੀ ਬੈਂਕ ਅੰਦਰ ਵੜ ਕੇ ਪਿਸਤੌਲ ਆਦਿ ਦੀ ਨੋਕ ਤੇ ਡਾਕੇ ਮਾਰਦੇ ਹਨ। ਜਿਨ੍ਹਾਂ ਦੀ ਫੋਟੋ ਕੈਮਰਿਆਂ ਵਿੱਚ ਕੈਦ ਹੋ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦਾ ਪਤਾ ਵੀ ਲੱਗ ਜਾਂਦਾ ਹੈ। ਅਜਿਹੀਆਂ ਵਾਰਦਾਤਾਂ ਵੱਧਣ ਕਾਰਨ ਸਕਿਉਰਟੀ ਦਾ ਵੀ ਬਹੁਤ ਪ੍ਰਬੰਧ ਕੀਤਾ ਗਿਆ ਹੈ। ਇਸ ਨਾਲ ਆਦਮੀ ਦੀ ਬੈਂਕ ਅੰਦਰ ਤਾਂ ਸੁਰੱਖਿਆ ਬਹੁਤ ਹੈ, ਇੱਥੇ ਇਹ ਵੀ ਸਵਾਲ ਖੜ੍ਹਾ ਹੁੰਦਾ ਹੈ ਕਿ ਆਦਮੀ ਬਾਹਰ ਆਪਣੇ ਹਿੰਸਕ ਤੇ ਘੁੰਮਦਾ ਹੈ। ਇਸ ਲਈ ਹੁਣ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਸਖਤ ਤੋਂ ਸਖਤ ਕਾਨੂੰਨ ਬਣਾਉਣੇ ਚਾਹੀਦੇ ਹਨ, ਜਿਸ ਨਾਲ ਆਮ ਇਨਸਾਨ ਅਜ਼ਾਦੀ ਨਾਲ ਘੁੰਮ ਫਿਰ ਸਕੇ ਅਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਨਾ ਵਾਪਰ ਸਕਣ।